ਜੇਕਰ ਨਹੀਂ ਸੁਣ ਰਿਹਾ ਸਰਕਾਰੀ ਗੈਰਸਰਕਾਰੀ ਦਫਤਰ ਵਿੱਚ ਤੁਹਾਡੀ ਜਾਂ ਹੋ ਚੁੱਕੇ ਹੋ
ਠੱਗੀ ਦਾ ਸ਼ਿਕਾਰ
ਕਰੋ ਇਕ ਫੋਨ ਸਾਡੇ ਪੱਤਰਕਾਰ ਤੁਹਾਡੀ ਪਰੇਸ਼ਾਨੀ ਪਹੁੰਚਾਉਣਗੇ ਉਚ ਅਧਿਕਾਰੀਆਂ ਤੇ ਪ੍ਰਸ਼ਾਸਨ ਤੱਕ ਟੋਲ ਫਰੀ ਨੰ:-
0181-2211009

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼
# ਲੋਕ ਬਾਣੀ
Email : lokbani08@gmail.com
ਸ਼ਨੀਵਾਰ, 09 ਅਪ੍ਰੈਲ 2022
ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

ਇਸ਼ਤਿਹਾਰ ਲਵਾਓ ਵਪਾਰ ਵਧਾਓ
ਰੋਜਾਨਾ ਲੋਕ ਬਾਣੀ
ਅਖਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com

R.N.I. Punpun/29016/2008 ✲ ਸਾਲ : 14 ✲ ਅੰਕ : 396 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

## ਪੰਜਾਬ ਸਰਕਾਰ ਨੇ ਪੁਲਿਸ ਅਫਸਰਾਂ ਦੀ ਕੀਤੀ ਬਦਲੀ

**ਜਲੰਧਰ/ਰਾਕੇਸ਼ ਵਰਮਾ**

ਪੰਜਾਬ ਸਰਕਾਰ ਨੇ ਤਿੰਨ ਪੁਲੀਸ ਕਮਿਸ਼ਨਰ ਸਮੇਤ ਮਾਨਸਾ, ਫਾਜ਼ਿਲਕਾ, ਲੁਧਿਆਣਾ (ਦਿਹਾਤੀ), ਬਠਿੰਡਾ ਅਤੇ ਜਲੰਧਰ (ਦਿਹਾਤੀ) ਜ਼ਿਲ੍ਹਿਆਂ ਦੇ ਐੱਸਐੱਸਪੀ ਬਦਲ ਦਿੱਤੇ ਹਨ। ਜਲੰਧਰ ਰੇਂਜ ਦੇ ਆਈਜੀ ਅਰੁਣ ਪਾਲ ਸਿੰਘ ਸੋਢੀ ਨੂੰ ਅੰਮ੍ਰਿਤਸਰ ਦਾ ਪੁਲੀਸ ਕਮਿਸ਼ਨ ਲਾਇਆ ਗਿਆ ਹੈ। ਇਸੇ ਤਰ੍ਹਾਂ ਪੰਜਾਬ ਹੈੱਡਕੁਆਰਟਰ ਚੰਡੀਗੜ੍ਹ ਦੇ ਆਈਜੀ ਕੌਸ਼ਤੁਭ ਸ਼ਰਮਾ ਨੂੰ ਲੁਧਿਆਣਾ ਦਾ ਪੁਲੀਸ ਕਮਿਸ਼ਨਰ ਅਤੇ ਡੀਆਈਜੀ (ਐਡਮਿਨਿਸਟ੍ਰੇਸ਼ਨ) ਗੁਰਪ੍ਰੀਤ ਸਿੰਘ ਤੂਰ ਨੂੰ ਜਲੰਧਰ ਦਾ ਪੁਲੀਸ ਕਮਿਸ਼ਨਰ ਲਾਇਆ ਗਿਆ ਹੈ। ਉਹ ਸ੍ਰੀ ਨੌਨਿਹਾਲ ਸਿੰਘ ਦੀ ਥਾਂ ਤਾਇਨਾਤ ਕੀਤੇ ਗਏ ਹਨ।



# ਜਲਦ ਲੱਗ ਸਕਦੀ ਹੈ ਰੂਸ ਦੇ ਕੋਲੇ ਤੇ ਪਾਬੰਦੀ : ਯੂਰਪੀਅਨ ਯੂਨੀਅਨ

ਬ੍ਰਸੇਲਜ਼/ਲੋਕ ਬਾਣੀ:- ਯੂਕ੍ਰੇਨ 'ਚ ਯੁੱਧ ਨੂੰ ਲੈ ਕੇ ਯੂਰਪੀਅਨ ਯੂਨੀਅਨ ਦੇ ਦੇਸ਼ ਊਰਜਾ ਉਦਯੋਗ @ਤੇ ਪਹਿਲਾਂ ਪਾਬੰਦੀ ਤਹਿਤ ਰੂਸੀ ਕੋਲੇ 'ਤੇ ਪਾਬੰਦੀ ਲਾਉਣ 'ਤੇ ਸਹਿਮਤ ਹੋਏ ਹਨ ਪਰ ਉਸ ਨੇ ਰੇਖਾਂਕਿਤ ਕੀਤਾ ਕਿ 27 ਦੇਸ਼ਾਂ ਨੇ ਤੇਲ ਅਤੇ ਕੁਦਰਤੀ ਗੈਸ 'ਤੇ ਵਪਾਰ ਪਾਬੰਦੀ ਲਾਉਣ 'ਚ ਅਸਮਰੱਥਾ ਜਤਾਈ ਹੈ। ਤੇਲ ਅਤੇ ਕੁਦਰਤੀ ਗੈਸ 'ਤੇ ਪਾਬੰਦੀ ਲਾਉਣ ਨਾਲ ਰੂਸ ਲਈ ਪ੍ਰੇਸ਼ਾਨੀ ਹੋ ਸਕਦੀ ਹੈ। ਯੂਰਪੀਅਨ ਯੂਨੀਅਨ ਦੇ ਕਾਰਜਕਾਰੀ ਕਮਿਸ਼ਨ ਨੇ ਕਿਹਾ ਕਿ ਕੋਲੇ 'ਤੇ ਪਾਬੰਦੀ ਨਾਲ ਰੂਸ ਨੂੰ ਪ੍ਰਤੀ ਸਾਲ ਚਾਰ ਅਰਬ ਯੂਰੋ ਦਾ ਨੁਕਸਾਨ ਹੋ ਸਕਦਾ ਹੈ। ਉਥੇ, ਊਰਜਾ ਮਾਹਿਰਾਂ ਅਤੇ ਕੋਲਾ ਦਰਾਮਦਕਾਰਾਂ ਦਾ ਕਹਿਣਾ ਹੈ ਕਿ ਯੂਰਪ ਰੂਸੀ ਸਪਲਾਈ ਦੀ ਥਾਂ ਅਗਲੇ ਕੁਝ ਮਹੀਨਿਆਂ @ਚ ਅਮਰੀਕਾ ਸਮੇਤ ਹੋਰ ਦੇਸ਼ਾਂ ਤੋਂ ਇਸ ਦਾ ਆਯਾਤ ਕਰ ਸਕਦਾ ਹੈ। ਯੂਰਪੀਅਨ ਯੂਨੀਅਨ ਦਾ ਇਹ ਕਦਮ ਅਹਿਮ ਹੈ। ਇਹ ਤੈਅ ਹੈ ਕਿ ਪਹਿਲਾਂ ਤੋਂ ਹੀ ਰਿਕਾਰਡ ਪੱਧਰ 'ਤੇ ਪਹੁੰਚੀ ਮਹਿੰਗਾਈ @ਚ ਹੋਰ ਵਾਧਾ ਹੋਵੇਗਾ। ਪਰ ਕੁਦਰਤੀ ਗੈਸ ਅਤੇ ਤੇਲ ਦੀ ਤੁਲਨਾ @ਚ ਕੋਲੇ @ਤੇ ਰੋਕ ਲਾਉਣਾ ਸਭ ਤੋਂ ਆਸਾਨ ਹੈ ਅਤੇ ਇਸ ਨਾਲ ਰੂਸ ਅਤੇ ਯੂਰਪੀਅਨ ਅਰਥਵਿਵਸਥਾ ਨੂੰ ਬਹੁਤ ਨੁਕਸਾਨ ਹੋਵੇਗਾ।




## 18 ਸਾਲ ਤੋਂ ਵੱਧ ਉਮਰ ਵਾਲੇ ਲਗਵਾ ਸਕਣਗੇ 10 ਅਪ੍ਰੈਲ ਤੋ ਬੂਸਟਰ ਡੋਜ

**ਦਿੱਲੀ/ਕਪੂਰ**

ਮੋਦੀ ਸਰਕਾਰ ਨੇ ਕੋਰੋਨਾ ਟੀਕਾਕਰਨ ਨੂੰ ਲੈ ਕੇ ਵੱਡਾ ਕਦਮ ਚੁੱਕਿਆ ਹੈ। ਹੁਣ 18 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਕੋਰੋਨਾ ਵੈਕਸੀਨ ਦੀ ਸਾਵਧਾਨੀ ਡੋਜ਼ ਦਿੱਤੀ ਜਾਵੇਗੀ। ਸਿਹਤ ਮੰਤਰਾਲੇ ਨੇ ਕਿਹਾ ਕਿ ਜਿਨ੍ਹਾਂ ਦੀ ਉਮਰ 18 ਸਾਲ ਹੈ ਅਤੇ ਉਹ ਦੂਜੀ ਖ਼ੁਰਾਕ ਲੈਣ ਦੇ 9 ਮਹੀਨੇ ਪੂਰੇ ਕਰ ਚੁੱਕੇ ਹਨ, ਉਹ ਨਿੱਜੀ ਟੀਕਾਕਰਨ ਕੇਂਦਰਾਂ 'ਤੇ ਸਾਵਧਾਨੀ ਦੀ ਖ਼ੁਰਾਕ ਲਈ ਯੋਗ ਹੋਣਗੇ।

## ਆਸਾਰਾਮ ਦੇ ਆਸ਼ਰਮ ਵਿੱਚ ਖੜੀ ਕਾਰ ਚੋ ਮਿਲੀ ਕੁੜੀ ਦੀ ਲਾਸ਼



**ਗੋਂਡਾ/ਲੋਕ ਬਾਣੀ**

ਜ਼ਿਲ੍ਹੇ ਦੇ ਥਾਣਾ ਕੋਤਵਾਲੀ ਨਗਰ ਖੇਤਰ ਅਧੀਨ ਪੈਂਦੇ ਬਹਰਾਈਚ ਰੋਡ ਸਥਿਤ ਆਸਾਰਾਮ ਆਸ਼ਰਮ ਕੰਪਲੈਕਸ 'ਚ ਖੜ੍ਹੀ ਇਕ ਕਾਰ 'ਚੋਂ ਸ਼ੁੱਕਰਵਾਰ ਤੜਕੇ ਇਕ ਕੁੜੀ ਦੀ ਲਾਸ਼ ਬਰਾਮਦ ਕੀਤੀ ਗਈ ਹੈ। ਇਸਦੀ ਸੂਚਨਾ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚੀ। ਪੁਲਸ ਨੇ ਕੁੜੀ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਨਾਲ ਹੀ ਆਸ਼ਰਮ ਦੇ ਕਾਮਿਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਘਟਨਾ ਨਗਰ ਕੋਤਵਾਲੀ ਖੇਤਰ ਦੇ ਬਿਮੌਰ ਪਿੰਡ 'ਚ ਸਥਿਤ ਆਸਾਰਾਮ ਆਸ਼ਰਮ ਦੀ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਕੁੜੀ ਆਪਣੇ ਘਰੋਂ 4 ਦਿਨ ਪਹਿਲਾਂ ਗਾਇਬ ਹੋ ਗਈ ਸੀ। ਉੱਥੇ ਹੀ ਪੁਲਸ ਨੇ ਦੱਸਿਆ ਕਿ ਕਾਰ ਦੇ ਅੰਦਰੋਂ ਬਦਬੂ ਆਉਣ 'ਤੇ ਆਸ਼ਰਮ ਦੇ ਚੌਂਕੀਦਾਰ ਨੇ ਜਦੋਂ ਉਸ ਕਾਰ ਨੂੰ ਖੋਲ੍ਹਕੇ ਵੇਖਿਆ ਤਾਂ ਉਸ ਅੰਦਰ ਲਾਸ਼ ਮਿਲੀ, ਜਿਸਤੋਂ ਬਾਅਦ ਉਸਨੇ ਪੁਲਸ ਨੂੰ ਸੂਚਨਾ ਦਿੱਤੀ। ਮੌਕੇ 'ਤੇ ਪਹੁੰਚੀ ਪੁਲਸ ਨੇ ਘਟਨਾ ਵਾਲੀ ਥਾਂ ਅਤੇ ਆਸ਼ਰਮ ਨੂੰ ਸੀਲ ਕਰ ਦਿੱਤਾ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਘਟਨਾ ਨੂੰ ਲੈ ਕੇ ਪੂਰੇ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਹੈ।

## ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਬੈਂਗਲੁਰੂ 'ਚ ਮਿਲੀ ਧਮਕੀ

**ਬੈਂਗਲੁਰੂ/ਲੋਕ ਬਾਣੀ**

ਬੈਂਗਲੁਰੂ ਦੇ ਕਈ ਸਕੂਲਾਂ 'ਚ ਉਸ ਸਮੇਂ ਹਫੜਾ-ਦਫੜੀ ਮਚ ਗਈ, ਜਦੋਂ ਉੱਥੇ ਬੰਬ ਦੀ ਧਮਕੀ ਵਾਲਾ ਈ-ਮੇਲ ਆਇਆ। ਮਿਲੀ ਜਾਣਕਾਰੀ ਦੇ ਮੁਤਾਬਿਕ, ਸਾਰੇ ਸਕੂਲਾਂ 'ਚ ਉਸ ਸਮੇਂ ਪੇਪਰ ਚੱਲ ਰਹੇ ਹਨ। ਇਸ 'ਚ ਸਵੇਰੇ 11 ਵਜੇ ਉੱਥੇ ਈਮੇਲ ਆਇਆ ਕਿ ਸਕੂਲ 'ਚ ਬੰਬ ਰੱਖੇ ਗਏ। ਇਸ ਦੇ ਬਾਅਦ ਤੁਰੰਤ ਪੁਲਿਸ ਮੌਕੇ 'ਤੇ ਪਹੁੰਚ ਗਈ। ਫ਼ਿਲਹਾਲ ਸਰਚ ਮੁਹਿੰਮ 'ਚ ਕਿਤੋਂ ਵੀ ਕੋਈ ਵਿਸਫੋਟ ਸਮਗਰੀ ਨਹੀਂ ਮਿਲੀ ਹੈ। ਪੁਲਿਸ ਦਾ ਕਹਿਣਾ ਹੈ ਕਿ ਹੁਣ ਤੱਕ ਇਹ ਇਕ ਫ਼ਰਜ਼ੀ ਸੰਦੇਸ਼ ਲੱਗ ਰਿਹਾ ਹੈ।



## ਪੁਲਿਸ ਨੂੰ ਮਿਲੀ ਵੱਡੀ ਸਫਲਤਾ ਗੈਂਗਸਟਰ ਭੁੱਲਰ ਦਾ ਸਾਥੀ ਕਾਬੂ



**ਚੰਡੀਗੜ੍ਹ/ਵਿਨੋਦ ਸ਼ਰਮਾ**

ਮੁਹਾਲੀ ਪੁਲੀਸ ਵੱਲੋਂ ਗੈਂਗਸਟਰਾਂ ਦਾ ਇਕ ਹੋਰ ਗਰੁੱਪ ਬੇਨਕਾਬ ਕਰਕੇ ਕੋਲਕਾਤਾ ਵਿੱਚ ਮਾਰੇ ਗੈਂਗਸਟਰ ਜੈਪਾਲ ਸਿੰਘ ਭੁੱਲਰ ਦਾ ਨੇੜਲਾ ਸਾਥੀ, ਜੋ ਗਾਇਕ ਤੇ ਗੀਤਕਾਰ ਹੈ, ਨੂੰ ਭਾਰੀ ਮਾਤਰਾ ਵਿਚ ਅਸਲੇ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਅੱਜ ਇਥੇ ਐੱਸਐੱਸਪੀ ਵਿਵੇਕ ਸ਼ੀਲ ਸੋਨੀ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਕੋਲਕਾਤਾ ਵਿਖੇ ਮਾਰੇ ਗਏ ਏ ਕੈਟਾਗਿਰੀ ਦੇ ਗੈਂਗਸਟਰ ਜੈਪਾਲ ਸਿੰਘ ਭੁੱਲਰ ਤੇ ਜਸਪ੍ਰੀਤ ਸਿੰਘ ਜੱਸੀ ਦੇ ਨੇੜਲੇ ਸਾਥੀ ਹਰਬੀਰ ਸਿੰਘ ਸੋਹਲ ਵਾਸੀ ਪਿੰਡ ਪਿੰਡੀ ਔਲਖ ਥਾਣਾ ਸੌਦਾ ਜ਼ਿਲ੍ਹਾ ਅੰਮ੍ਰਿਤਸਰ ਨੂੰ ਅਸਲੇ ਸਣੇ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫਤਾਰ ਕੀਤੇ ਗੈਂਗਸਟਰ ਬਾਰੇ ਉਨ੍ਹਾਂ ਦੱਸਿਆ ਕਿ ਮੁਹਾਲੀ ਪੁਲੀਸ ਨੂੰ ਹਰਬੀਰ ਸੋਹਲ ਅਤੇ ਅੰਮ੍ਰਿਤਪਾਲ ਸਿੰਘ ਉਰਫ ਸੱਤਾ ਵਾਸੀ ਬਜੀਦਪੁਰ ਥਾਣਾ ਬੱਸੀ ਪਠਾਣਾ ਜ਼ਿਲ੍ਹਾ ਦੇ ਖਰੜ ਵਿੱਚ ਹੋਣ ਦੀ ਜਾਣਕਾਰੀ ਮਿਲੀ। ਭਾਗੋ ਮਾਜਰਾ ਖਾਲੀ ਫਲੈਟ ਤੋਂ ਹਰਬੀਰ ਸੋਹਲ ਨੂੰ ਗ੍ਰਿਫਤਾਰ ਕੀਤਾ ਗਿਆ, ਜਿਸ ਪਾਸੋਂ ਦੇ 30 ਬੋਰ ਦੇ ਚਾਇਨੀ ਪਿਸਤੌਲ, 103 ਮੈਗਜ਼ੀਨ ਚਾਰ 9 ਐੱਮਐੱਮ ਪਿਸਤੌਲ ਦੇ ਮੈਗਜ਼ੀਨ ਅਤੇ 50 ਕਾਰਤੂਸ ਬਰਾਮਦ ਹੋਏ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਪੰਜਾਬ 'ਚ ਆ ਸਕਦਾ ਬਿਜਲੀ ਸੰਕਟ



**ਲੁਧਿਆਣਾ/ਲੋਕ ਬਾਣੀ:** ਪੰਜਾਬ ਵਿਚ ਬਿਜਲੀ ਸੰਕਟ ਹੋਰ ਡੂੰਘਾ ਹੋ ਗਿਆ ਹੈ। ਹੁਣ ਤੋਂ ਪੇਂਡੂ ਖੇਤਰਾਂ ਵਿੱਚ 7 ਘੰਟੇ ਤੱਕ ਦੇ ਕੱਟ ਲੱਗਣੇ ਸ਼ੁਰੂ ਹੋ ਗਏ ਹਨ। ਇਸ ਦੇ ਨਾਲ ਹੀ ਸ਼ਹਿਰਾਂ 'ਚ 2 ਤੋਂ 3 ਘੰਟੇ ਤੱਕ ਕੱਟ ਲੱਗ ਰਹੇ ਹਨ। ਇਸ ਨੂੰ ਦੇਖਦੇ ਹੋਏ ਸੂਬੇ ਦੇ ਬਿਜਲੀ ਮੰਤਰੀ ਦਿੱਲੀ ਪਹੁੰਚੇ। ਉਨ੍ਹਾਂ ਨੇ ਕੇਂਦਰੀ ਕੋਲਾ ਮੰਤਰੀ ਪ੍ਰਹਿਲਾਦ ਜੋਸ਼ੀ ਨਾਲ ਮੁਲਾਕਾਤ ਕੀਤੀ ਅਤੇ ਕੋਲੇ ਦੀ ਮੰਗ ਕੀਤੀ। ਜੇਕਰ ਜਲਦੀ ਕੋਲੇ ਦੀ ਸਪਲਾਈ ਨਾ ਕੀਤੀ ਗਈ ਤਾਂ ਪਿਛਲੇ ਸਾਲ ਦੀ ਤਰ੍ਹਾਂ ਪੰਜਾਬ 'ਚ ਵੀ ਬਲੈਕਆਊਟ ਵਰਗੇ ਹਾਲਾਤ ਪੈਦਾ ਹੋ ਸਕਦੇ ਹਨ। ਇਸ ਦੇ ਨਾਲ ਹੀ ਜੇਕਰ ਝੋਨੇ ਦੇ ਸੀਜ਼ਨ @ਚ ਪੂਰੀ ਬਿਜਲੀ ਨਾ ਹੋਈ ਤਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੂੰ ਵੀ ਕਿਸਾਨਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪਵੇਗਾ। ਪੰਜਾਬ ਵਿਚ ਇਸ ਸਾਲ ਅਪ੍ਰੈਲ ਦਾ ਮਹੀਨਾ ਪਿਛਲੀ ਵਾਰ ਨਾਲੋਂ 5 ਡਿਗਰੀ ਵੱਧ ਗਰਮੀ ਨਾਲ ਸ਼ੁਰੂਆਤ ਹੋਈ ਹੈ। ਇਸ ਕਾਰਨ ਏਸੀ-ਕੂਲਰਾਂ ਤੋਂ ਬਿਜਲੀ ਦੀ ਮੰਗ ਵਧ ਗਈ ਹੈ। ਸਿਰਫ ਅਪ੍ਰੈਲ ਮਹੀਨੇ ਵਿਚ ਹੀ ਪੰਜਾਬ ਵਿਚ ਬਿਜਲੀ ਦੀ ਮੰਗ 7000 ਮੈਗਾਵਾਟ ਤੱਕ ਪਹੁੰਚ ਗਈ ਹੈ। ਜਿਸ ਕਾਰਨ ਬਿਜਲੀ ਦੀ ਮੰਗ ਅਤੇ ਸਪਲਾਈ ਦਾ ਫਰਕ ਲਗਭਗ 450 ਮੈਗਾਵਾਟ ਤੱਕ ਆ ਗਿਆ ਹੈ।

# CM ਵੱਲੋਂ ਟਾਸਕ ਫੋਰਸ ਨੂੰ ਗੈਂਗਸਟਰਾਂ ਦੇ ਸਫ਼ਾਏ ਦੇ ਹੁਕਮ, ਕਿਹਾ- ਪੰਜਾਬ ਦੇ ਲੋਕਾਂ ਦੀ ਸੁਰੱਖਿਆ ਮੇਰੀ ਜ਼ਿੰਮੇਵਾਰੀ



**ਚੰਡੀਗੜ੍ਹ/ਲੋਕ ਬਾਣੀ:-** ਗੈਂਗਸਟਰਾਂ ਨਾਲ ਕਿਸੇ ਵੀ ਤਰ੍ਹਾਂ ਦਾ ਲਿਹਾਜ਼ ਨਾ ਵਰਤਣ ਦਾ ਆਦੇਸ਼ ਦਿੰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਐਂਟੀ-ਗੈਂਗਸਟਰ ਟਾਸਕ ਫੋਰਸ (ਏ. ਜੀ. ਟੀ. ਐੱਫ.) ਨੂੰ ਸੂਬੇ @ਚੋਂ ਗੈਂਗਸਟਰਾਂ ਦਾ ਸਫ਼ਾਇਆ ਕਰਨ ਲਈ ਕਿਹਾ ਤਾਂ ਜੋ ਲੋਕਾਂ ਦਾ ਕਾਨੂੰਨ ਅਤੇ ਵਿਵਸਥਾ ਵਿਚ ਭਰੋਸਾ ਕਾਇਮ ਕੀਤਾ ਜਾ ਸਕੇ। ਅੱਜ ਬਾਅਦ ਦੁਪਹਿਰ ਸੀ. ਐੱਮ. ਆਰ. ਵਿਖੇ ਡੀ. ਜੀ. ਪੀ. ਵੀ. ਕੇ. ਭਾਵਰਾ ਦੀ ਅਗਵਾਈ @ਚ ਨਵੀਂ ਗਠਿਤ ਏ. ਜੀ. ਟੀ. ਐੱਫ. ਟੀਮ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸੀ. ਐੱਮ. ਮਾਨ ਨੇ ਸੂਬੇ @ਚੋਂ ਗੈਂਗਸਟਰਾਂ ਦੇ ਖਾਤਮੇ ਲਈ ਆਪਣੀ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਦੁਹਰਾਇਆ, ਜੋ ਕਿ ਪੰਜਾਬ ਵਰਗੇ ਸ਼ਾਂਤ ਰਾਜ ਲਈ ਕਲੰਕ ਹੈ। ਉਨ੍ਹਾਂ ਅੱਗੇ ਕਿਹਾ ਕਿ ਏ. ਜੀ. ਟੀ. ਐੱਫ. ਨੂੰ ਲੋੜੀਂਦੇ ਮਨੁੱਖੀ ਵਸੀਲੇ, ਅਤਿ-ਆਧੁਨਿਕ ਟੈਕਨਾਲੋਜੀ, ਵਾਹਨਾਂ ਅਤੇ ਲੋੜੀਂਦੇ ਫੰਡਾਂ ਨਾਲ ਪੂਰੀ ਤਰ੍ਹਾਂ ਲੈਸ ਕੀਤਾ ਜਾਵੇਗਾ।

# ਸਿਆਸੀ ਆਗੂ ਕੂੜ ਪ੍ਰਚਾਰ ਨਾਲ ਪੰਜਾਬ ਦਾ ਮਾਹੌਲ ਖਰਾਬ ਨਾ ਕਰਨ : ਸੁਨੀਲ ਜਾਖੜ

**ਚੰਡੀਗੜ/ਲੋਕ ਬਾਣੀ**

ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਕੁਝ ਸਿਆਸੀ ਆਗੂਆਂ ਵੱਲੋਂ ਇਕ ਟੀਵੀ ਇੰਟਰਵਿਓ ਨੂੰ ਆਧਾਰ ਬਣਾ ਕੇ ਉਨਾਂ ਵਿਰੁੱਧ ਕੀਤੇ ਜਾ ਰਹੇ ਕੂੜ ਪ੍ਰਚਾਰ ਤੇ ਪ੍ਰਤੀਕ੍ਰਮ ਦਿੰਦੇ ਹੋਏ ਕਿਹਾ ਕਿ ਹਾਲਾਤ ਦਾ ਸਹੀ ਜਾਇਜਾ ਲਏ ਬਿਨਾਂ ਮੇਰੇ ਤੇ ਨਿਰਆਧਾਰ ਦੋਸ਼ ਲਗਾਉਣਾ ਸਰਾਸਰ ਗਲਤ ਹੈ । ਇਸ ਮੁੱਦੇ ਤੇ ਪੰਜਾਬ ਦਾ ਮਾਹੌਲ ਖਰਾਬ ਕਰਨ ਤੋਂ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਗੁਰੇਜ ਕਰਨਾ ਚਾਹੀਦਾ ਹੈ । ਉਨ੍ਹਾਂ ਕਿਹਾ ਕਿ ਮੇਰੇ ਵਿਰੁੱਧ ਬਿਆਨਬਾਜੀ ਕਰਨ ਤੋਂ ਪਹਿਲਾਂ ਸਿਆਸੀ ਆਗੂਆਂ ਨੂੰ ਪੂਰੀ ਇੰਟਰਵਿਓ ਸੁਣ ਕੇ ਉਸਦੀ ਤਹਿ ਤੱਕ ਜਾਣਾ ਚਾਹੀਦਾ ਹੈ । ਤਦ ਉਨ੍ਹਾਂ ਸਾਹਮਣੇ ਇਹ ਸੱਚਾਈ ਪ੍ਰਗਟ ਹੋ ਜਾਵੇਗੀ ਕਿ ਮੈਂ ਕਿਸੇ ਜਾਤ ਜਾਂ ਵਿਅਕਤੀ ਦੇ ਵਿਰੁੱਧ ਕੋਈ ਟਿਪੱਣੀ ਨਹੀਂ ਕੀਤੀ । ਕਿਸੇ ਟੀਵੀ ਪੱਤਰਕਾਰ ਦੀ ਨਿੱਜੀ ਟਿਪੱਣੀ ਜਾਂ ਸਮੀਖਿਆ ਨੂੰ ਆਧਾਰ ਬਣਾ ਕੇ ਮੈਨੂੰ ਦੋਸ਼ੀ ਠਹਿਰਾਉਣ ਦੀ ਕੋਸ਼ਿਸ਼ ਸਰਾਸਰ ਮੰਦਭਾਗੀ ਹੈ । ਜਾਖੜ ਨੇ ਕਿਹਾ ਕਿ ਮੇਰਾ ਸਿਆਸੀ ਜੀਵਨ ਦਲਿਤ ਅਤੇ ਕਮਜ਼ੋਰ ਵਰਗਾਂ ਦੇ ਅਧਿਕਾਰਾਂ ਦੀ ਰਾਖੀ ਲਈ ਚਲਾਏ ਗਏ ਅਭਿਆਨਾਂ ਨਾਲ ਭਰਿਆ ਪਿਆ ਹੈ । ਇਨਾਂ ਵਰਗਾਂ ਤੇ ਜ਼ੁਲਮ ਢਾਹੁਣ ਦੀ ਜਦ ਵੀ ਕੋਸ਼ਿਸ਼ ਕੀਤੀ ਗਈ ਤਾਂ ਮੈਂ ਉਨ੍ਹਾਂ ਨੂੰ ਨਿਆਂ ਦਿਲਾਉਣ ਲਈ ਦਿਨ ਰਾਤ ਸੰਘਰਸ਼ ਕੀਤਾ ਅਤੇ ਉਸਦੇ ਜੋ ਨਤੀਜੇ ਨਿਕਲੇ ਉਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ । ਕਿਸੇ ਵੀ ਵਰਗ ਜਾਂ ਜਾਤੀ ਪ੍ਰਤੀ ਦੁਰਭਾਵਨਾ ਰਖਣ ਜਾਂ ਟਿਪੱਣੀ ਕਰਨ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ । ਸਿਰਫ ਸਿਆਸੀ ਰੋਟੀਆਂ ਸੇਕਣ ਲਈ ਮੇਰੇ ਤੇ ਨਿਰ ਆਧਾਰ ਦੋਸ਼ਾਂ ਦੀ ਬੁਛਾਰ ਅਤੇ ਵਿਰੋਧ ਪ੍ਰਦਰਸ਼ਨ ਕਰਨ ਨਾਲ ਸੱਚਾਈ ਤੇ ਪਰਦਾ ਨਹੀਂ ਪਾਇਆ ਜਾ ਸਕਦਾ ।



# CM ਸਿੱਖਿਆ ਬੋਰਡ ਨੂੰ ਵਿਦਿਆਰਥੀਆਂ ਦੀ 94 ਕਰੋੜ ਰੁਪਏ ਪ੍ਰੀਖਿਆ ਫੀਸ ਦੇ ਰਾਸ਼ੀ ਵਾਪਸ ਮੋੜਨ ਦੀ ਹਦਾਇਤ ਕਰਨ ਕਿਉਂਕਿ ਪ੍ਰੀਖਿਆ ਹੋਈ ਹੀ ਨਹੀਂ : ਅਕਾਲੀ ਦਲ

ਚੰਡੀਗੜ੍ਹ/ਲੋਕ ਬਾਣੀ:- ਸ਼੍ਰੋਮਣੀ ਅਕਾਲੀ ਦਲ ਨੇ ਅੱਜ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਖਿਆ ਕਿ ਉਹ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਹਦਾਇਤ ਕਰਨ ਕਿ ਉਹ ਵਿਦਿਆਰਥੀਆਂ ਨਾਲ ਠੱਗੀ ਨਾ ਮਾਰੇ ਅਤੇ ਪਾਰਟੀ ਨੇ ਮੰਗ ਕੀਤੀ ਕਿ ਵਿਦਿਆਰਥੀਆਂ ਨੂੰ ਉਹ 94 ਕਰੋੜ ਰੁਪਏ ਪ੍ਰੀਖਿਆ ਫੀਸ ਦੀ ਰਾਸ਼ੀ ਵਾਪਸ ਦਿੱਤੀ ਜਾਵੇ ਜੋ ਪ੍ਰੀਖਿਆ ਕਦੇ ਲਈ ਹੀ ਨਹੀਂ ਗਈ। ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਕ ਪਾਸੇ ਤਾਂ ਮੁੱਖ ਮੰਤਰੀ ਪ੍ਰਾਈਵੇਟ ਸਕੂਲਾਂ ਦੇ ਕੰਮ ਨੂੰ ਨਿਯਮਿਤ ਕਰਨ ਦੀ ਗੱਲ ਕਰਦੇ ਹਨ ਪਰ ਦੂਜੇ ਪਾਸੇ ਉਹਨਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਰਕਾਰੀ ਸਿੱਖਿਆ ਬੋਰਡ ਸਿੱਖਿਆ ਨੂੰ ਵਪਾਰਕ ਧੰਦਾ ਨਾ ਬਣਾਵੇ। ਉਹਨਾਂ ਕਿਹਾ ਕਿ 2020-21 ਲਈ ਵਿਦਿਆਰਥੀਆਂ ਤੋਂ ਲਈ 94 ਕਰੋੜ ਰੁਪਏ ਪ੍ਰੀਖਿਆ ਫੀਸ ਵਾਪਸ ਕੀਤੀ ਜਾਵੇ ਕਿਉਂਕਿ ਕੋਰੋਨਾ ਮਹਾਮਾਰੀ ਦੇ ਕਾਰਨ ਇਹ ਪੇਪਰ ਹੋ ਹੀ ਨਹੀਂ ਸਕੇ। ਉਹਨਾਂ ਕਿਹਾ ਕਿ ਬੋਰਡ ਵੱਲੋਂ ਇਹ ਕਹਿਣਾ ਕਿ ਉਸਨੇ ਪ੍ਰੀਖਿਆ ਲਈ ਪੇਪਰ ਛਪਵਾਏ ਸਨ, ਬੇਤੁੱਕਾ ਲੱਗਦਾ ਹੈ। ਉਹਨਾਂ ਕਿਹਾ ਕਿ ਪ੍ਰੀਖਿਆ ਪੇਪਰ ਛਾਪਣ 'ਤੇ ਸਿਰਫ ਨਿਗੂਣਾ ਖਰਚਾ ਆਉਂਦਾ ਹੈ। ਜੇਕਰ ਲੋੜ ਹੈ ਤਾਂ ਫਿਰ ਹਰ ਵਿਦਿਆਰਥੀ ਤੋਂ ਲਏ 1100 ਰੁਪਏ ਵਿਚੋਂ ਕੁਝ ਰਾਸ਼ੀ ਕੱਟ ਕੇ ਬਾਕੀ ਰਾਸ਼ੀ ਵਿਦਿਆਰਥੀਆਂ ਨੂੰ ਵਾਪਸ ਦੇਣੀ ਚਾਹੀਦੀ ਹੈ। ਡਾ. ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ ਸਿੱਖਿਆ ਬੋਰਡ ਨੂੰ ਇਮਾਨਦਾਰੀ ਤੇ ਪਾਰਦਰਸ਼ੀ ਢੰਗ ਨਾਲ ਕੰਮ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਜਦੋਂ ਸਾਡਾ ਆਪਣਾ ਘਰ ਹੀ ਠੀਕ ਨਹੀਂ ਤਾਂ ਫਿਰ ਅਸੀਂ ਪ੍ਰਾਈਵੇਟ ਸੈਕਟਰ ਵਾਸਤੇ ਸੁਧਾਰ ਕਿਵੇਂ ਲਾਗੂ ਕਰਾਂਗੇ।



# ਨੋਵੇਲਟੀ ਹੁੰਡਈ ਨੇ ਅਮ੍ਰਿਤਸਰ ਪੰਜਾਬ ਵਿੱਚ ਮੋਬਾਇਲ ਸਰਵਿਸ ਵੈਨ ਲਾਂਚ ਕੀਤਾ



**ਅਮ੍ਰਿਤਸਰ/ਲੋਕ ਬਾਣੀ**

ਨਾਵੇਲਟੀ 2022 ਵਿੱਚ ਉੱਚ ਬਾਜ਼ਾਰ ਹਿੱਸੇਦਾਰੀ ਵਿੱਚ ਪਿਛਲੇ 17— ਸਾਲਾਂ ਤੋਂ ਡੀਲਰ ਨੰਬਰ 1 ਹੈ ।ਨਾਵੇਲਟੀ ਨੇ 2022 ਵਿੱਚ 8 ਸਰਵੱਚ ਵਾਰਸ਼ਿਕ ਇਨਾਮ ਹਾਸਲ ਕੀਤੇ ਹਨ । ਸੇਲਸ ਐਂਡ ਸਰਵਿਸ ਟੀਮ ਵਲੋਂ ਮਿਲਣ ਅਤੇ ਪ੍ਰੋਤਸਾਹਿਤ ਕਰਨ ਲਈ ਏਚਏਮਆਈਏਲ ਦੇ ਪ੍ਰਬੰਧ ਨਿਦੇਸ਼ਕ ਸ਼੍ਰੀ ਤਰੁਣ ਗਰਗ ਨੇ ਨਾਵੇਲਟੀ ਟੀਮ ਦੇ ਮੈਬਰਾਂ ਨੂੰ ਸਨਮਾਨਿਤ ਕੀਤਾ ਹੈ।ਮੋਬਾਇਲ ਸੇਵਾ ਵੈਨ ਸ਼੍ਰੀ ਤਰੁਣ ਗਰਗ ਪ੍ਰਬੰਧ ਨਿਦੇਸ਼ਕ ਏਚਏਮਆਈਏਲ ਨੇ ਨਵੀਨਤਾ ਹੁੰਡਈ ਅੰਮ੍ਰਿਤਸਰ ਵਿੱਚ ਮੋਬਾਇਲ ਵੈਨ ਸੇਵਾ ਦਾ ਸ਼ੁਭਾਰੰਭ ਕੀਤਾ । ਮੋਬਾਇਲ ਸਰਵਿਸ ਵੈਨ ਨੂੰ ਹੁੰਡਈ ਇੰਡਿਆ ਨੇ ਪੂਰੇ ਭਾਰਤ ਵਿੱਚ ਗਾਹਕਾਂ ਤੱਕ ਪੁੱਜਣ ਦੇ ਉਦੇਸ਼ ਵਲੋਂ ਲਾਂਚ ਕੀਤਾ ਹੈ। ਵਿਸ਼ੇਸ਼ ਰੂਪ ਵਲੋਂ ਪੇਂਡੂ ਇਲਾਕੀਆਂ ਵਿੱਚ ਉਭਰਦੇ ਸ਼ਹਿਰਾਂ ਵਿੱਚ ਪਹੁੰਚ ਅਤੇ ਗਾਹਕਾਂ ਦੀ ਖੁਸ਼ੀ ਨੂੰ ਅਧਿਕਤਮ ਕਰਣ ਦੇ ਲਈ 2022 ਦੇ ਅੰਤ ਤੱਕ ਕੁਲ 100 ਵੈਨ ਸ਼ੁਰੂ ਕਰਨ ਦੀ ਯੋਜਨਾ ਹੈ । ਪਹਿਲੀ ਮੋਬਾਇਲ ਸਰਵਿਸ ਵੈਨ ਅਗਸਤ 2020 ਵਿੱਚ ਮੇਰਠ (ਯੂਪੀ) ਵਿੱਚ ਲਾਂਚ ਕੀਤੀ ਗਈ ਸੀ । ਮੋਬਾਇਲ ਸਰਵਿਸ ਵੈਨ ਨੂੰ ਪੀਏਮਏਸ ਮਾਮੂਲੀ ਮੁਰੰਮਤ ਧੁਲਾਈ ਬਾਹਰੀ ਸੌਂਦਰਿਆਂਕਰ ਅੰਡਰ ਬਾਡੀ ਇੰਸਪੈਕਸ਼ਨ ਵਹੀਲ ਬੈਲੇਂਸਿੰਗ ਅਤੇ ਆਉਟ ਰੀਚ ਕੈਂਪ ਜਿਵੇਂ ਕੰਮਾਂ ਨੂੰ ਕਰਣ ਲਈ ਉਪਯੁਕਤ ਸਮੱਗਰੀਆਂ ਦੇ ਨਾਲ ਸਥਾਪਤ ਕੀਤਾ ਗਿਆ ਹੈ। ਇਸ ਵਿਚ ਹਾਇਡਰੋਲਿਕ ਕੈਂਚੀ ਲਿਫਟ ਵਹੀਲ ਬੈਲੇਂਸਰ ਏਅਰ ਹਨ।

# RBI ਮੁਦਰਾ ਨੀਤੀ : RBI ਨੇ ਵਿਆਜ ਦਰਾਂ 'ਚ ਨਹੀਂ ਕੀਤਾ ਬਦਲਾਅ

**ਨਵੀਂ ਦਿੱਲੀ/ਲੋਕ ਬਾਣੀ:-** 6 ਅਪ੍ਰੈਲ ਨੂੰ ਸ਼ੁਰੂ ਹੋਈ ਰਿਜ਼ਰਵ ਬੈਂਕ ਦੇ ਮੁਦਰਾ ਨੀਤੀ ਸਮੀਖਿਆ ਦੀ ਬੈਠਕ ਦਾ ਅੱਜ ਆਖ਼ਰੀ ਦਿਨ ਹੈ। ਅੱਜ ਰਿਜ਼ਰਵ ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਆਪਣੀ ਪ੍ਰੈੱਸ ਕਾਨਫਰੈਂਸ ਵਿਚ ਮੁਦਰਾ ਨੀਤੀ ਦਾ ਐਲਾਨ ਕਰ ਦਿੱਤਾ ਹੈ। MPC ਨੇ ਨੀਤੀਗਤ ਦਰਾਂ @ਚ ਕੋਈ ਬਦਲਾਅ ਨਹੀਂ ਕੀਤਾ ਹੈ। ਰੈਪੋ ਦਰ 4 ਫੀਸਦੀ @ਤੇ ਬਰਕਰਾਰ ਹੈ। ਇਹ ਲਗਾਤਾਰ 10ਵੀਂ ਵਾਰ ਹੈ ਜਦੋਂ ਕੇਂਦਰੀ ਬੈਂਕ ਨੇ ਵਿਆਜ ਦਰਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਹੈ। ਇਸ ਤੋਂ ਪਹਿਲਾਂ, ਰਿਜ਼ਰਵ ਬੈਂਕ ਨੇ ਆਖਰੀ ਵਾਰ 22 ਮਈ 2020 ਨੂੰ ਰੈਪੋ ਦਰ ਵਿੱਚ ਬਦਲਾਅ ਕੀਤਾ ਸੀ। ਆਰਬੀਆਈ ਗਵਰਨਰ ਸ਼ਕਤੀਕਾਂਤ ਦਾਸ ਦੇ ਅਨੁਸਾਰ, ਰਿਵਰਸ ਰੈਪੋ ਰੇਟ ਵਿੱਚ 0.40% ਦਾ ਵਾਧਾ ਕੀਤਾ ਗਿਆ ਹੈ। ਹੁਣ ਇਹ ਵਧ ਕੇ 3.75% ਹੋ ਗਿਆ ਹੈ। ਮਾਰਜਿਨਲ ਸਟੈਂਡਿੰਗ ਫੈਸਿਲਿਟੀ ਰੇਟ (MSFR) ਅਤੇ ਬੈਂਕ ਦਰ 4.25 ਫੀਸਦੀ ਹੋਵੇਗੀ। ਭਵਿੱਖ ਵਿੱਚ, ਅਸੀਂ ਅਨੁਕੂਲ ਰਵੱਈਏ ਨੂੰ ਬਦਲਾਂਗੇ। ਆਰਬੀਆਈ ਗਵਰਨਰ ਸ਼ਕਤੀਕਾਂਤ ਦਾਸ ਨੇ ਕਿਹਾ - ਦਰਾਂ @ਤੇ ਨਰਮੀ ਰੁਖ ਬਰਕਰਾਰ ਹੈ। ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਵਿਆਜ ਦਰਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ। ਹਾਲਾਂਕਿ ਸਪਲਾਈ ਦੀ ਚਿੰਤਾ ਕਾਰਨ ਗਲੋਬਲ ਬਾਜ਼ਾਰਾਂ @ਚ ਦਬਾਅ ਹੈ। ਸਪਲਾਈ ਵਿਚ ਰੁਕਾਵਟਾਂ ਕਾਰਨ ਵਸਤੂ ਬਾਜ਼ਾਰ ਵਿਚ ਦਬਾਅ ਹੈ।

# ਬੰਗਾ ਪੁਲੀਸ ਵੱਲੋਂ 2 ਕਿੱਲੋ 600 ਗ੍ਰਾਮ ਅਫੀਮ ਸਮੇਤ ਦੋ ਕਾਬੂ ਮਾਮਲਾ ਦਰਜ਼



**ਬੰਗਾ/ਲੋਕ ਬਾਣੀ**

ਥਾਣਾ ਸਦਰ ਪੁਲਿਸ ਦੁਆਰਾ 2 ਕਿੱਲੋ 600 ਗ੍ਰਾਮ ਅਫੀਮ ਸਮੇਤ ਦੋ ਵਿਅਕਤੀਆ ਨੂੰ ਕਾਬੂ ਕਰ ਮਾਮਲਾ ਦਰਜ਼ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੁਆਰਾ ਨਸ਼ਿਆ ਵਿੁੱਧ ਚਲਾਈ ਮੁਹਿੰਮ ਤਹਿਤ ਜ਼ਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੇ ਸੀਨੀਅਰ ਪੁਲਿਸ ਕਪਤਾਨ ਮੈਡਮ ਕੰਵਰਦੀਪ ਕੋਰ ਦੁਆਰਾ ਜਾਰੀ ਆਦੇਸ਼ਾ ਦੀ ਪਾਲਣਾ ਕਰਦੇ ਹੋਏ ਐਸ ਐਚ ਉ ਸਦਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਸਮੇਤ ਐਸ ਆਈ ਸੁਰਿੰਦਰ ਸਿੰਘ ਤੇ ਹੋਰ ਪੁਲਿਸ ਪਾਰਟੀ ਨਾਲ ਆਦਰਸ਼ ਸਕੂਲ ਖਟਕੜ ਕਲ੍ਹਾਂ ਥਾਦੀਆ ਲਿੰਕ ਰੋਡ ਤੇ ਨਾਕਾਬੰਦੀ ਕੀਤੀ ਹੋਈ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਦੋ ਵਿਅਕਤੀ ਜਿਨ੍ਹਾਂ ਨੇ ਆਪਣੇ ਹੱਥ ਵਿੱਚ ਬੈਗ ਫੜ੍ਹਿਆ ਹੋਇਆ ਸੀ ਪੈਦਲ ਆਉਦੇ ਦਿਖਾਈ ਦਿੱਤੇ।ਜੋ ਸਾਹਮਣੇ ਪੁਲਿਸ ਪਾਰਟੀ ਨੂੰ ਦੇਖ ਘਬਰਾਂ ਗਏ ਤੇ ਪਿੱਛੇ ਨੂੰ ਮੁੜਨ ਲੱਗੇ ਤਾ ਪੁਲਿਸ ਪਾਰਟੀ ਵੱਲੋਂ ਸ਼ੱਕ ਦੇ ਬਿਨਾਂਹ ਤੇ ਉਨ੍ਹਾਂ ਨੂੰ ਕਾਬੂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਕਾਬੂ ਆਏ ਵਿਅਕਤੀਆ ਦੀ ਪਹਿਚਾਣ ਰਜਿੰਦਰ ਸਾਹੂ ਪੁੱਤਰ ਹਰੀ ਸਾਹੂ , ਪ੍ਰਕਾਸ਼ ਸਾਹੂ ਪੁੱਤਰ ਗਣੇਸ਼ ਸਾਹੂ ਵਾਸੀ ਝਾਰਖੰਡ ਹਾਲ ਵਾਸੀ ਪਿੰਡ ਪਨਾਮ ਤਹਿਸੀਲ ਗੜਸ਼ੰਕਰ ਜਿਲ੍ਹਾਂ ਹੁਸ਼ਿਆਰਪੁਰ ਵੱਜੋ ਹੋਈ। ਉਨ੍ਹਾਂ ਦੱਸਿਆ ਕਿ ਜਦੋ ਉਨ੍ਹਾਂ ਦੇ ਬੈਗ ਦੀ ਤਲਾਸ਼ੀ ਲਈ ਤਾ ਉਸ ਵਿੱਚੋ 2 ਕਿੱਲੋ 600 ਗ੍ਰਾਮ ਅਫੀਮ ਬਰਾਮਦ ਹੋਈ। ਜਿਨ੍ਹਾਂ ਨੂੰ ਅਗਲੀ ਕਾਰਵਾਈ ਲਈ ਥਾਣਾ ਲਿਆਦਾ ਗਿਆ ਤੇ ਉਨ੍ਹਾਂ ਤੇ ਐਂਨ ਡੀ ਪੀ ਐਸ ਅਧੀਨ ਮਾਮਲਾ ਨੰਬਰ 34 ਦਰਜ਼ ਕਰ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।ਜਿਨ੍ਹਾਂ ਨੂੰ ਅੱਜ ਡਾਕਟਰੀ ਜਾਂਚ ਉਪੰਰਤ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# 13 ਨੂੰ ਬਟਾਲਾ ਵਿਚ ਲੱਗੇਗਾ ਜ਼ਿਲ੍ਹਾ ਪੱਧਰੀ ਕਿਸਾਨ ਮੇਲਾ



**ਗੁਰਦਾਸਪੁਰ/ਨਵਨੀਤ ਕੁਮਾਰ**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਗੁਰਦਾਸਪੁਰ ਵੱਲੋਂ 13 ਅਪ੍ਰੈਲ ਨੂੰ ਬਟਾਲਾ ਦੀ ਪਸ਼ੂ ਮੰਡੀ ਵਿਚ ਸਵੇਰੇ 10 ਵਜੇ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਦੀ ਕਾਸ਼ਤ ਸਬੰਧੀ ਸਿਖਲਾਈ ਦੇਣ ਲਈ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਹੈਡਕੁਆਟਰ ਦੇ ਖੇਤੀਬਾੜੀ ਅਧਿਕਾਰੀ ਡਾ. ਰਣਧੀਰ ਸਿੰਘ ਠਾਕੁਰ ਨੇ ਦੱਸਿਆ ਕਿ ਇਸ ਕਿਸਾਨ ਮੇਲੇ ਵਿੱਚ ਹਲਕਾ ਬਟਾਲਾ ਦੇ ਵਿਧਾਇਕ ਸ਼ੈਰੀ ਕਲਸੀ ਅਤੇ ਹਲਕਾ ਬਟਾਲਾ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਮੁੱਖ ਮਹਿਮਾਨ ਵਜੋਂ ਪਹੁੰਚਣਗੇ ਅਤੇ ਇਸ ਕਿਸਾਨ ਮੇਲੇ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਗੁਰਦਾਸਪੁਰ ਮੁਹੰਮਦ ਇਸ਼ਫਾਕ ਕਰਨਗੇ।ਕੈਂਪ ਵਿਚ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਣਗੀਆਂ। ਉਨਾਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਇਸ ਕੈਂਪ ਵਿਚ ਸ਼ਮੂਲੀਅਤ ਕਰਕੇ ਖੇਤੀਬਾੜੀ ਨਾਲ ਸਬੰਧਿਤ ਨਵੀਂ ਤਕਨੀਕਾਂ ਬਾਰੇ ਜਾਣਕਾਰੀ ਹਾਸਿਲ ਕਰਨ।

# ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨੈਸ਼ਨਲ ਲੋਕ ਅਦਾਲਤ ਦੇ ਸਬੰਧ ਵਿੱਚ ਡੀ.ਡੀ.ਪੀ.ਓ. ਤੇ ਬੀ.ਡੀ.ਪੀ.ਓ. ਨਾਲ ਮੀਟਿੰਗ



**ਗੁਰਦਾਸਪੁਰ/ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਮੈਡਮ ਨਵਦੀਪ ਕੌਰ ਗਿੱਲ , ਗੁਰਦਾਸਪੁਰ (ਸੀਨੀਅਰ ਡਵੀਜ਼ਨ ) -ਕਮ- ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵਿੱਚ ਡੀ.ਡੀ.ਪੀ.ਓ. ਗੁਰਦਾਸਪੁਰ ਹਰਜਿੰਦਰ ਸਿੰਘ ਸੰਧੂ ਅਤੇ ਗੁਰਦਾਸਪੁਰ ਦੇ ਸਮੂਹ ਬੀ.ਡੀ.ਪੀ.ਓਜ਼ .ਨਾਲ ਮੀਟਿੰਗ ਰੱਖੀ ਗਈ । ਮੀਟਿੰਗ ਮਿਤੀ 14 ਮਈ, 2022 ਨੂੰ ਲਗਾਈ ਜਾ ਰਹੀਂ ਨੈਸ਼ਨਲ ਲੋਕ ਅਦਾਲਤ ਦੇ ਸਬੰਧ ਵਿੱਚ ਰੱਖੀ ਗਈ । ਮੀਟਿੰਗ ਵਿੱਚ ਮੈਡਮ ਨਵਦੀਪ ਕੌਰ ਗਿੱਲ ਨੇ ਸੰਬੋਧਨ ਕਰਦੇ ਹੋਏ ਸਮੂਹ ਬੀ.ਡੀ.ਪੀ.ਓਜ਼ . ਨੂੰ ਕਿਹਾ ਕਿ ਮਿਤੀ 14 ਮਈ, 2022 ਨੂੰ ਲਗਾਈ ਜਾ ਰਹੀਂ ਨੈਸ਼ਨਲ ਲੋਕ ਅਦਾਲਤ ਲਈ ਵੱਧ ਤੋਂ ਵੱਧ ਪਿੰਡਾਂ ਦੇ ਲੋਕਾਂ ਵਿੱਚ ਜਾਗਰੂਕਤਾ ਕਰਵਾਈ ਜਾਵੇ ਤਾਂ ਜੋ ਲੋਕ ਵੱਧ ਤੋਂ ਵੱਧ ਆਪਣੇ ਕੇਸ ਨੈਸ਼ਨਲ ਲੋਕ ਅਦਾਲਤ ਵਿੱਚ ਲਗਾ ਸਕਣ ।

ਮੈਡਮ ਨਵਦੀਪ ਕੌਰ ਗਿੱਲ , ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਨੇ ਇਹ ਵੀ ਦੱਸਿਆ ਕਿ ਲੋਕ ਅਦਾਲਤਾਂ ਦਾ ਮੁੱਖ ਮਨੋਰਥ ਦੋਵੇਂ ਧਿਰਾਂ ਦੀ ਆਪਸੀ ਰਜ਼ਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੈ ਤਾਂ ਜੋ ਧਿਰਾਂ ਦੇ ਕੀਮਤੀ ਸਮੇਂ ਅਤੇ ਧਨ ਦੀ ਬਚਤ ਹੋ ਸਕੇ ਅਤੇ ਆਪਸੀ ਦੁਸ਼ਮਣੀ ਘਟਾਈ ਜਾ ਸਕੇ । ?ਲੋਕ ਅਦਾਲਤਾਂ ਰਾਹੀਂ ਫੈਸਲਾ ਹੋਏ ਕੇਸਾਂ ਦੇ ਲਾਭਾਂ ਤੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸ ਦੀ ਅੱਗੇ ਕੋਈ ਅਪੀਲ ਨਹੀਂ ਹੋ ਸਕਦੀ ਕਿਉਂਕਿ ਲੋਕ ਅਦਾਲਤ ਵਿੱਚ ਫੈਸਲਾ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਜਾਂਦਾ ਹੈ । ਇਸ ਨਾਲ ਝਗੜਾ ਹਮੇਸ਼ਾਂ ਲਈ ਖਤਮ ਹੋ ਜਾਂਦਾ ਹੈ ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸ ਵਿੱਚ ਲਗਾਈ ਗਈ ਕੋਰਟ ਫੀਸ ਵੀ ਵਾਸਪ ਕੀਤੀ ਜਾਂਦੀ ਹੈ ।

# ਸਮੂਹ ਜਨਤਕ ਤੇ ਜਮਹੂਰੀ ਜਥੇਬੰਦੀਆਂ ਵਲੋਂ ਸ਼ਹਿਰ ਚ ਕੀਤਾ ਰੋਸ ਮਾਰਚ



**ਗੁਰਦਾਸਪੁਰ/ਨਵਨੀਤ ਕੁਮਾਰ**

ਅੰਗਰੇਜ਼ ਸਰਕਾਰ ਵੱਲੋਂ 8 ਅਪ੍ਰੈਲ 1929 ਨੂੰ ਪਾਰਲੀਮੈਂਟ ਵਿੱਚ ਪਾਸ ਕੀਤੇ ਜਾ ਰਹੇ ਕਾਲੇ ਕਾਨੂੰਨਾਂ ਖਿਲਾਫ਼ ਕੀਤੇ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਵੱਲੋਂ ਕੀਤੇ ਬੰਬ ਧਮਾਕੇ ਦੀ ਘਟਨਾ ਨੂੰ ਯਾਦ ਕਰਦਿਆਂ ਸਮੂਹ ਜਨਤਕ ਤੇ ਜਮਹੂਰੀ ਜਥੇਬੰਦੀਆਂ ਵਲੋਂ ਸੁਕਾ ਤਲਾਅ ਗੁਰਦਾਸਪੁਰ ਵਿਖੇ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਅਤੇ ਜਮੂਹਰੀ ਇਨਕਲਾਬੀ ਬੁੱਧੀਜੀਵੀਆਂ, ਜਮਹੂਰੀ ਕਾਰਕੁਨਾਂ ਦੀ ਰਿਹਾਈ ਅਤੇ ਕਾਲੇ ਕਾਨੂੰਨਾਂ ਖਿਲਾਫ਼ ਰੋਸ ਰੈਲੀ ਕਰਕੇ ਸ਼ਹਿਰ ਵਿਚ ਰੋਸ਼ ਮਾਰਚ ਕੀਤਾ। ਕਿਰਤੀ ਕਿਸਾਨ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ, ਪੇਂਡੂ ਮਜ਼ਦੂਰ ਯੂਨੀਅਨ, ਅਤੇ ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਦੇ ਸੱਦੇ ਤੇ ਇਕਠੇ ਹੋਏ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਸਤਿਬੀਰ ਸਿੰਘ ਸੁਲਤਾਨੀ ਨੇ ਕਿਹਾ ਕਿ ਮੋਦੀ ਸਰਕਾਰ ਅੰਗਰੇਜ਼ ਸਾਮਰਾਜ ਦੇ ਪਦਚਿੰਨ੍ਹਾਂ ਤੇ ਚਲਦਿਆਂ ਭਾਰਤੀ ਸੰਵਿਧਾਨ ਤਹਿਤ ਮਿਲੇ ਮਨੁੱਖੀ ਅਧਿਕਾਰਾਂ ਦੀ ਅਵਹੇਲਨਾ ਕਰਕੇ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਕਾਰਕੁਨਾਂ ਨੂੰ ਨਜਾਇਜ਼ ਜੇਲਾਂ ਵਿੱਚ ਬੰਦ ਕੀਤਾ ਹੋਇਆ ਹੈ। ਨਿੱਤ ਨਵੇਂ ਕਾਲੇ ਕਾਨੂੰਨਾਂ ਦੀ ਰਚਨਾ ਕਰਕੇ ਆਮ ਲੋਕਾਂ ਤੋਂ ਜਲ ਜੰਗਲ ਅਤੇ ਜ਼ਮੀਨ ਅਤੇ ਜਮਹੂਰੀ ਹੱਕਾਂ ਨੂੰ ਖਤਮ ਕੀਤਾ ਜਾ ਰਿਹਾ ਹੈ। ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਅੰਗਰੇਜ਼ ਸਾਮਰਾਜ ਵਲੋਂ ਪਾਸ ਕੀਤੇ ਜਾ ਰਹੇ ਕਾਲੇ ਕਾਨੂੰਨਾਂ ਖਿਲਾਫ਼ ਅਸੈਂਬਲੀ ਵਿੱਚ ਬੰਬ ਧਮਾਕਾ ਕਰ ਕੇ ਬੋਲੇ ਕੰਨਾਂ ਨੂੰ ਸੁਣਾਉਣ ਦਾ ਉਪਰਾਲਾ ਕੀਤਾ ਸੀ। ਕੇਂਦਰ ਸਰਕਾਰ ਆਪਣੇ ਨੀਤੀਗਤ ਫ਼ੈਸਲੇ ਅਨੁਸਾਰ ਹਿੰਦੁਤਵ ਦਾ ਏਜੰਡਾ ਲਾਗੂ ਕਰਨ, ਰਾਜਾ ਦੇ ਅਧਿਕਾਰਾਂ ਤੇ ਛਾਪਾ ਮਾਰਕੇ ਸਾਰੇ ਹੱਕ ਰਾਖਵੇਂ ਰੱਖ ਕੇ ਰਾਜਾ ਨੂੰ ਕਮਜ਼ੋਰ ਕਰ ਰਹੀ ਹੈ। ਉਹ ਭਾਵੇਂ ਚੰਡੀਗੜ੍ਹ ਪੰਜਾਬ ਨੂੰ ਦੇਣ, ਡੈਮਾਂ ਦੀ ਸੁਰੱਖਿਆ ਕੇਂਦਰੀ ਏਜੰਸੀਆਂ ਹਵਾਲੇ ਕਰਨ, ਬੀ ਐੱਸ ਐੱਫ ਦਾ ਘੇਰਾ ਵਧਾਉਣ, ਬਿਜਲੀ ਬਿੱਲ 2020 ਤਹਿਤ ਸਮਾਰਟ ਬਿਜਲੀ ਮੀਟਰ ਲਗਾਉਣ ਤੋਂ ਇਲਾਵਾ ਕਿਰਤ ਕਾਨੂੰਨਾਂ ਵਿੱਚ ਸੋਧਾਂ ਕਰਨ ਦਾ ਮੁੱਦਾ ਹੋਵੇ, ਸਾਰੇ ਫੈਸਲੇ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੇ ਹਨ। ਇਸ ਮੌਕੇ ਅਮਰਜੀਤ ਸ਼ਾਸਤਰੀ, ਜੋਗਿੰਦਰ ਪਾਲ ਪਨਿਆੜ, ਤਰਲੋਕ ਸਿੰਘ ਬਹਿਰਾਮਪੁਰ, ਰਾਜ ਕੁਮਾਰ ਪੰਡੋਰੀ, ਮਨੀ ਭੱਟੀ, ਹਰਜਿੰਦਰ ਸਿੰਘ ਵਡਾਲਾ ਬਾਂਗਰ, ਸੁਖਦੇਵ ਸਿੰਘ ਬਹਿਰਾਮ ਪੁਰ, ਮੈਡਮ ਬਲਵਿੰਦਰ ਕੌਰ ਰਾਵਲਪਿੰਡੀ, ਨੇ ਸਾਂਝੇ ਤੌਰ ਤੇ ਮਤਾ ਪੇਸ਼ ਕਰਦਿਆਂ ਸਜ਼ਾ ਭੁਗਤ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ, ਜੇਲਾਂ ਵਿੱਚ ਡੱਕੇ ਬੁਧੀਜੀਵੀਆਂ, ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਕਾਰਕੁਨਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ,, ਸ਼ਾਹੀਨ ਬਾਗ਼ ਦੇ ਮੋਰਚੇ ਵਿਚ ਸ਼ਾਮਿਲ ਔਰਤਾ, ਉਮਰ ਖ਼ਾਲਿਦ ਤੇ ਪਾਏ ਝੂਠੇ ਕੇਸ ਵਾਪਸ ਲੈਣ, ਦੀ ਮੰਗ ਕੀਤੀ। ਇਸ ਮੌਕੇ ਜੋਗਿੰਦਰ ਪਾਲ ਘੁਰਾਲਾ, ਪਰਮਜੀਤ ਸਿੰਘ ਰਤਨ ਗੜ, ਮੇਜ਼ਰ ਸਿੰਘ ਕੋਟ ਟੋਡਰਮਲ, ਮਾਰਬੀ, ਪਲਵਿੰਦਰ ਸਿੰਘ, ਅਨੋਖ ਸਿੰਘ ਘੋੜੇ ਵਾਹ ਹਾਜ਼ਰ ਸਨ।

# ਸਫਾਈ ਸੇਵਕ ਕਰਮਚਾਰੀ ਯੂਨੀਅਨ ਵੱਲੋਂ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਕੀਤਾ



**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਖੰਨਾ ਨਗਰ ਕੌਂਸਲ ਦੇ ਮੀਟਿੰਗ ਹਾਲ ਵਿੱਚ ਸਫਾਈ ਸੇਵਕ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਗਰੀਬ ਦਾਸ ਦੀ ਅਗਵਾਈ ਵਿੱਚ ਸਮੂਹ ਸਫਾਈ ਸੇਵਕ, ਸਿਵਰਮੇਨਾ ਵਲੋਂ ਵਿਧਾਇਕ ਤਰੁਨਪ੍ਰੀਤ ਸਿੰਘ ਸੋਂਦ ਨੂੰ ਸਨਮਾਨਿਤ ਕੀਤਾ ਗਿਆ ਇਸ ਮੌਕੇ ਪ੍ਰਧਾਨ ਗਰੀਬ ਦਾਸ ਅਤੇ ਵਾਲਮੀਕਿ ਸਮਾਜ ਦੇ ਪ੍ਰਧਾਨ ਬਲਰਾਮ ਬਾਲੂ ਵਲੋਂ ਸਫਾਈ ਸੇਵਕਾ ਅਤੇ ਸਿਵਰਮੈਨਾ ਨੂੰ ਆ ਰਹਿਆ ਮੁਸ਼ਕਿਲਾਂ ਬਾਰੇ ਇੱਕ ਮੰਗ ਪੱਤਰ ਵੀ ਦਿੱਤਾ ਗਿਆ ਕਿ ਜਲਦ ਤੋਂ ਜਲਦ ਛੇਵੀਂ ਪੇ ਕਮਿਸ਼ਨ ਦੀ ਰਿਪੋਰਟ ਲਾਗੂ ਕੀਤੀ ਜਾਵੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ ਪਿਛਲੇ ਸਮੇਂ ਨਗਰ ਕੌਂਸਲ ਖੰਨਾ ਵਿਚ 297 ਸਫਾਈ ਸੇਵਕ ਅਤੇ 105 ਸਿਵਰਮੈਨਾ ਨੂੰ ਕੰਟਰੈਕਟ ਬੈਸ ਤੈਅ ਰੱਖਣ ਦੀ ਮਨਜ਼ੂਰੀ ਮਿਲ਼ੀ ਸੀ ਜਿਸ ਵਿੱਚ 203 ਸਫਾਈ ਸੇਵਕਾ ਅਤੇ 49 ਸੀਵਰਮੇਨ ਰੱਖ ਲਏ ਸਨ ਬਾਕੀ ਰਹਿੰਦੈ 94 ਸਫਾਈ ਸੇਵਕਾ ਅਤੇ 56 ਸੀਵਰਮੇਨ ਨੂੰ ਜਲਦ ਰੱਖਿਆ ਜਾਵੇ ਸਿਵਰਮੇਨਾ ਨੂੰ ਪੱਕਾ ਕੀਤਾ ਜਾਵੇ। ਇਸ ਮੌਕੇ ਵਿਧਾਇਕ ਸੌਂਦ ਵਲੋ ਸਮੂਹ ਮੁਲਾਜਮਾਂ , ਵਾਲਮੀਕਿ ਭਾਈਚਾਰੇ ਦਾ ਧੰਨਵਾਦ ਕੀਤਾ ਅਤੇ ਸਫਾਈ ਸੇਵਕਾ , ਸਿਵਰਮੇਣਾ ਨੂੰ ਇਹ ਵਿਸ਼ਵਾਸ ਦਿਵਾਇਆ ਉਹਨਾਂ ਦੇ ਕੰਮ ਪਹਿਲ ਦੇ ਅਧਾਰ ਤੇ ਕੀਤੇ ਜਾਣ ਗੇਂ ਇਸ ਮੋਕੇ ਪ੍ਰਧਾਨ ਗਰੀਬ ਦਾਸ, ਬਲਰਾਮ ਬਾਲੂ, ਰਾਕੇਸ਼ ਕੁਮਾਰ, ਸ਼ਮਲਾਲ ਬਾਹੂ, ਕਾਲੂ , ਕੇਸ਼ਵ ਕੁਮਾਰ, ਅਨਿਲ ਬੱਗਨ, ਸੁਰਿੰਦਰ ਕੁਮਾਰ, ਕਾਲੀ, ਅਨਿਲ ਕੁਮਾਰ, ਤਰੁਣ ਬਾਲੂ, ਗੱਬਰ ਸਿੰਘ, ਆਦਿ ਸਾਰੇ ਸਫਾਈ ਸੇਵਕ ਕਰਮਚਾਰੀ ਹਾਜਿਰ ਸਨ।

# ਮਾਮਲਾ ਦਲਿਤ ਭਾਈਚਾਰੇ ਨੂੰ ਪੈਰ ਦੀ ਜੁੱਤੀ ਦੱਸਣ ਦਾ

## ਸੁਨੀਲ ਜਾਖੜ ਖਿਲਾਫ ਕਾਂਗਰਸ ਹਾਈਕਮਾਂਡ ਸਖ਼ਤ ਕਾਰਵਾਈ ਕਰੇ । ਹੈਪੀ ਵਡਾਲਾ



**ਅੰਮ੍ਰਿਤਸਰ/ਰਾਜਾ ਕੋਟਲੀ**

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਇੱਕ ਨਿੱਜੀ ਚੈਨਲ ਤੇ ਇੰਟਰਵਿਊ ਦਿੰਦਿਆਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦੇ ਖਿਲਾਫ ਟਿੱਪਣੀ ਕਰਦਿਆਂ ਕਿਹਾ ਕਿ ਹੇਠਾਂ ਤੋਂ ਚੁੱਕ ਕੇ ਸਿਰ @ਤੇ ਨਾ ਬਿਠਾਉਣ ਦੀ ਗੱਲ ਕਹੀ ਸੀ। ਜਾਖੜ ਦੇ ਇਸ ਬਿਆਨ ਨੂੰ ਦਲਿਤ ਭਾਈਚਾਰਾ ਕਦੇ ਬਰਦਾਸ਼ਤ ਨਹੀਂ ਕਰੇਗਾ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਹਲਕਾ ਮਜੀਠਾ ਦੇ ਸੀਨੀਅਰ ਕਾਗਰਸੀ ਆਗੂ ਬਲਜੀਤ ਸਿੰਘ ਹੈਪੀ ਵਡਾਲਾ ਨੇ ਕਰਦਿਆਂ ਕਿਹਾ ਕਿ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਜੋ ਅਨਸੂਚਿਤ ਜਾਤੀ ਨਾਲ ਸਬੰਧਤ ਹਨ ਉਨ੍ਹਾਂ ਤੇ ਟਿੱਪਣੀ ਕਰਦਿਆਂ ਅਪਸਬਦ ਬੋਲੇ ਸਨ।ਕਾਂਗਰਸ ਹਾਈਕਮਾਂਡ ਨੂੰ ਬੇਨਤੀ ਹੈ ਕਿ ਜਾਖੜ ਨੂੰ ਪਾਰਟੀ @ਚ ਬਾਹਰ ਕੱਢੇ ਅਤੇ ਕਾਨੂੰਨੀ ਕਾਰਵਾਈ ਕਰਕੇ scst ਐਕਟ ਤਹਿਤ ਪਰਚਾ ਦਰਜ ਕਰਵਾਇਆ ਜਾਵੇ ।ਉਨ੍ਹਾਂ ਕਿਹਾ ਕਿ ਦਲਿਤ ਭਾਈਚਾਰੇ ਨੂੰ ਪੈਰ ਦੀ ਜੁੱਤੀ ਦੱਸਣ ?ਵਾਲੇ ਖਿਲਾਫ ਜੇਕਰ ਕਾਗਰਸ਼ ਹਾਈਕਮਾਂਡ ਨੇ ਵੀ ਕੋਈ ਕਾਰਵਾਈ ਨਾ ਕੀਤੀ ਤਾਂ ਪੰਜਾਬ ਦਾ ਸਮੂਹ ਦਲਿਤ ਭਾਈਚਾਰਾ ਜਲਦ ਹੀ ਇਕੱਠੇ ਹੋ ਕੇ ਜਾਖੜ ਖਿਲਾਫ ਮੋਰਚਾ ਖੋਲ੍ਹੇਗਾ॥

## ਵਿਧਾਇਕਾਂ ਤੇ ਡਿਪਟੀ ਕਮਿਸ਼ਨਰ ਨੇ ਨਵੀਂ ਅਨਾਜ ਮੰਡੀ 'ਚ ਕਣਕ ਦੀ ਖਰੀਦ ਸ਼ੁਰੂ ਕਰਵਾਈ, ਕਿਸਾਨਾਂ ਨਾਲ ਕੀਤੀ ਗੱਲਬਾਤ

**ਜਲੰਧਰ/ਦੀਪਕ ਨਟਰਾਜ, ਰਕੇਸ਼ ਵਰਮਾ**

ਜਲੰਧਰ ਪੱਛਮੀ ਤੋਂ ਵਿਧਾਇਕ ਸ਼ੀਤਲ ਅੰਗੂਰਾਲ, ਹਲਕਾ ਕਰਤਾਰਪੁਰ ਤੋਂ ਵਿਧਾਇਕ ਬਲਕਾਰ ਸਿੰਘ ਅਤੇ ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਅੱਜ ਨਵੀਂ ਅਨਾਜ ਮੰਡੀ ਜਲੰਧਰ ਵਿਖੇ ਕਣਕ ਦੀ ਖਰੀਦ ਸ਼ੁਰੂ ਕਰਵਾਈ, ਜਿੱਥੇ ਉਨ੍ਹਾਂ ਅਧਿਕਾਰੀਆਂ ਨੂੰ ਮੰਡੀਆਂ ਵਿੱਚ ਆਪਣੀ ਫ਼ਸਲ ਲੈ ਕੇ ਆਉਣ ਵਾਲੇ ਕਿਸਾਨਾਂ ਦੀ ਸਹੂਲਤ ਲਈ ਸਮੁੱਚੇ ਖਰੀਦ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ।

ਵਿਧਾਇਕਾਂ ਅਤੇ ਡਿਪਟੀ ਕਮਿਸ਼ਨਰ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਾਲ ਜ਼ਿਲ੍ਹੇ ਦੇ ਸਮੁੱਚੇ 78 ਖਰੀਦ ਕੇਂਦਰਾਂ @ਤੇ 5.91 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋਣ ਦੀ ਉਮੀਦ ਹੈ ਅਤੇ ਫ਼ਸਲ ਦਾ ਦਾਣਾ-ਦਾਣਾ ਖਰੀਦ ਕਰਨ ਲਈ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਗਏ ਹਨ। ਉਨ੍ਹਾਂ ਅਨਾਜ ਮੰਡੀਆਂ ਵਿੱਚ ਆਪਣੀ ਫ਼ਸਲ ਲੈ ਕੇ ਆਉਣ ਵਾਲੇ ਕਿਸਾਨਾਂ ਦੀ ਸਹੂਲਤ 'ਤੇ ਵਿਸ਼ੇਸ਼ ਤਵਜੋਂ ਦੇਣ ਦੇ ਨਾਲ-ਨਾਲ ਜਲੰਧਰ ਵਿੱਚ ਸੁਚਾਰੂ ਤੇ ਨਿਰਵਿਘਨ ਖਰੀਦ ਕਾਰਜਾਂ ਨੂੰ ਯਕੀਨੀ ਬਣਾਉਣ ਦੀ ਆਪਣੀ ਵਚਨਬੱਧਤਾ ਦੁਹਰਾਈ। ਉਨ੍ਹਾਂ ਅੱਗੇ ਕਿਹਾ ਕਿ ਕੋਵਿਡ-19 ਦੀ ਸਥਿਤੀ ਨੂੰ ਦੇਖਦਿਆਂ ਇਸ ਸਾਲ ਮੁੜ ਅਹਿਤਿਆਤੀ ਉਪਾਅ ਕੀਤੇ ਜਾਣਗੇ, ਜਿਸ ਤਹਿਤ ਆਰਜ਼ੀ ਮੰਡੀ ਯਾਰਡ ਸਥਾਪਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਪੀਣ ਵਾਲੇ ਪਾਣੀ ਦੀ ਉਪਲਬਧਤਾ, ਸਾਫ਼-ਸਫ਼ਾਈ, ਛਾਂ, ਤਰਪਾਲਾਂ ਤੋਂ ਇਲਾਵਾ ਹੋਰ ਲੋੜੀਂਦੇ ਪ੍ਰਬੰਧ ਅਧਿਕਾਰੀਆਂ ਵੱਲੋਂ ਪਹਿਲਾਂ ਹੀ ਕੀਤੇ ਜਾ ਚੁੱਕੇ ਹਨ।

# ਸੀਆਈਆਈ ਨੇ ਵਿਸ਼ਵ ਸਿਹਤ ਦਿਵਸ 'ਤੇ ਮੈਡੀਕਲ ਸਿਹਤ ਜਾਂਚ ਕੈਂਪ ਦੇ ਨਾਲ ਲੁਧਿਆਣਾ ਪੁਲਿਸ ਲਈ ਜੀਵਨ ਬਚਾਉਣ ਦੇ ਤਰੀਕਿਆਂ ਬਾਰੇ ਸੈਸ਼ਨ ਆਯੋਜਿਤ ਕੀਤਾ

**ਲੁਧਿਆਣਾ/ਸੁਖਚੈਨ ਮਹਿਰਾ**




ਵਿਸ਼ਵ ਸਿਹਤ ਦਿਵਸ ਦੇ ਮੌਕੇ @ਤੇ, ਕਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀ (ਸੀ.ਆਈ.ਆਈ.) ਨੇ ਅੱਜ ਪੁਲਿਸ ਲਾਈਨਜ਼, ਲੁਧਿਆਣਾ ਵਿਖੇ ਲੁਧਿਆਣਾ ਪੁਲਿਸ ਲਈ ਐਸਪੀਐਸ ਹਸਪਤਾਲ ਦੇ ਸਹਿਯੋਗ ਨਾਲ ਜੀਵਨ ਬਚਾਉਣ ਦੇ ਤਰੀਕਿਆਂ, ਯਾਨੀ ਬੀਐਲਐਸ (ਬੇਸਿਕ ਲਾਈਫ ਸਪੋਰਟ) @ਤੇ ਇੱਕ ਇੰਟਰਐਕਟਿਵ ਸੈਸ਼ਨ ਦਾ ਆਯੋਜਨ ਕੀਤਾ। ਸੈਸ਼ਨ ਵਿੱਚ ਵੱਖ-ਵੱਖ ਉਦਯੋਗਿਕ ਖੇਤਰਾਂ ਵਿੱਚ ਸਥਾਨਕ ਨਾਗਰਿਕਾਂ ਦੇ ਨਾਲ-ਨਾਲ ਮਜ਼ਦੂਰਾਂ ਦੀਆਂ ਜਾਨਾਂ ਬਚਾਉਣ ਲਈ ਜੀਵਨ ਬਚਾਉਣ ਦੇ ਤਰੀਕਿਆਂ ਬਾਰੇ ਸਿਖਲਾਈ ਦੇਣ @ਤੇ ਧਿਆਨ ਕੇਂਦਰਿਤ ਕੀਤਾ ਗਿਆ। ਸੈਸ਼ਨ ਤੋਂ ਇਲਾਵਾ ਪੁਲਿਸ ਅਧਿਕਾਰੀਆਂ ਦੀ ਬਿਹਤਰੀ ਲਈ ਮੈਡੀਕਲ ਹੈਲਥ ਚੈਕਅੱਪ ਕੈਂਪ ਲਗਾਇਆ ਗਿਆ ਹੈ ਕਿਉਂਕਿ ਉਹ ਫਰੰਟ ਲਾਈਨ ਅਫਸਰ ਹਨ ਜੋ ਉਦਯੋਗ ਅਤੇ ਸਮਾਜ ਲਈ 24⊘7 ਕੰਮ ਕਰਦੇ ਹਨ। ਸ੍ਰੀ ਅਸ਼ਵਿਨ ਨਾਗਪਾਲ, ਚੇਅਰਮੈਨ, ਸੀ.ਆਈ.ਆਈ. ਲੁਧਿਆਣਾ ਜ਼ੋਨ ਅਤੇ ਮੈਨੇਜਿੰਗ ਪਾਰਟਨਰ - ਹਵੇਲੀ ਰਾਮ ਬੰਸੀ ਲਾਲ ਨੇ ਕਿਹਾ, ਵੱਡੀ ਪ੍ਰਵਾਸੀ ਆਬਾਦੀ ਅਤੇ ਪੰਜਾਬ ਦੀ ਵਿੱਤੀ ਰਾਜਧਾਨੀ ਵਾਲਾ ਇੱਕ ਉਦਯੋਗਿਕ ਸ਼ਹਿਰ ਹੋਣ ਦੇ ਨਾਤੇ, ਲੁਧਿਆਣਾ ਦੀਆਂ ਆਪਣੀਆਂ ਚੁਣੌਤੀਆਂ ਹਨ ਅਤੇ ਉਹਨਾਂ ਨੂੰ ਦੂਰ ਕਰਨ ਲਈ ਪੁਲਿਸ ਵਿਭਾਗ ਸਾਡੇ ਸ਼ਹਿਰ ਦਾ ਇੱਕ ਪ੍ਰਮੁੱਖ ਹਿੱਸੇਦਾਰ ਹੈ। ਇਸ ਸਬੰਧੀ ਲੁਧਿਆਣਾ ਦੇ ਪੁਲਿਸ ਅਧਿਕਾਰੀਆਂ ਨਾਲ ਅੱਜ ਦੀ ਗੱਲਬਾਤ ਬਹੁਤ ਮਹੱਤਵ ਰੱਖਦੀ ਹੈ। ਅੱਜ ਦੀ ਗੱਲਬਾਤ ਦਾ ਆਯੋਜਨ ਕਰਨ ਦਾ ਸਾਡਾ ਉਦੇਸ਼ ਮੁੱਖ ਤੌਰ @ਤੇ ਲੁਧਿਆਣਾ ਪੁਲਿਸ ਅਧਿਕਾਰੀਆਂ ਨੂੰ ਜੀਵਨ ਬਚਾਉਣ ਦੇ ਤਰੀਕਿਆਂ ਬਾਰੇ ਸਿਖਲਾਈ (ਲਾਈਵ ਪ੍ਰਦਰਸ਼ਨ ਦੇ ਨਾਲ) ਪ੍ਰਦਾਨ ਕਰਨਾ ਹੈ ਜੋ ਕਿ ਉਹ ਐਮਰਜੈਂਸੀ ਦੌਰਾਨ ਜਨਤਾ ਨਾਲ ਨਜਿੱਠਣ ਦੌਰਾਨ ਵਰਤ ਸਕਦੇ ਹਨ। ਇਸ ਤੋਂ ਇਲਾਵਾ, ਉਨ੍ਹਾਂ ਖੇਤਰਾਂ ਦੀ ਵੀ ਪੜਚੋਲ ਕਰੋ ਜਿੱਥੇ ਸੀਆਈਆਈ ਅਤੇ ਸਥਾਨਕ ਪੁਲਿਸ ਅਧਿਕਾਰੀ ਮਿਲ ਕੇ ਕੰਮ ਕਰ ਸਕਦੇ ਹਨ। ਸ੍ਰੀ ਰਿਸ਼ੀ ਪਾਹਵਾ, ਵਾਈਸ ਚੇਅਰਮੈਨ - ਸੀਆਈਆਈ ਲੁਧਿਆਣਾ ਜ਼ੋਨ ਅਤੇ ਡਾਇਰੈਕਟਰ - ਏਵਨ ਸਾਈਕਲਜ਼ ਨੇ ਕਿਹਾ, ÷ਸਾਡਾ ਪੁਲਿਸ ਵਿਭਾਗ ਜ਼ਿਲ੍ਹੇ ਦਾ ਸਾਡਾ ਚਿਹਰਾ ਹੈ। ਜਦੋਂ ਵੀ ਕੋਈ ਐਮਰਜੈਂਸੀ ਆਉਂਦੀ ਹੈ, ਉਹ 24 ਘੰਟੇ ਲੋੜਵੰਦਾਂ ਲਈ ਖੜ੍ਹੇ ਹੁੰਦੇ ਹਨ। ਨਾਲ ਹੀ, ਮੈਡੀਕਲ ਜਾਂਚ ਕੈਂਪ ਸਾਡੇ ਪੁਲਿਸ ਅਫਸਰਾਂ ਨੂੰ ਲਾਭ ਪਹੁੰਚਾਏਗਾ ਜੋ ਸੜਕਾਂ @ਤੇ ਗਰਮ ਤਾਪਮਾਨ ਵਿੱਚ ਖੜੇ ਹੋ ਕੇ ਸਮਾਜ ਲਈ ਸਖਤ ਮਿਹਨਤ ਕਰਦੇ ਹਨ। ਇਸ ਲਈ, ਸਾਡੇ 399 ਮੈਂਬਰ ਸਾਡੇ ਦੇਸ਼ ਨੂੰ ਸਿਹਤਮੰਦ ਅਤੇ ਸੁਰੱਖਿਅਤ ਬਣਾਉਣ ਲਈ ਸਾਡੇ ਪ੍ਰਸ਼ਾਸਨ ਅਤੇ ਸਮਾਜ ਦੀ ਸੇਵਾ ਕਰਨ ਲਈ ਤਿਆਰ ਹਨ।÷ ਸ੍ਰੀ ਫਤਿਹ ਸਿੰਘ ਬਰਾੜ, ਪੀ.ਪੀ.ਐਸ.- ਏ.ਸੀ.ਪੀ.-ਹੈੱਡ ਕੁਆਟਰ, ਲੁਧਿਆਣਾ ਪੁਲਿਸ ਨੇ ਸੀ.ਆਈ.ਆਈ. ਦੀ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਦਾ ਸੈਸ਼ਨ ਪੁਲਿਸ ਨੂੰ ਨਾ ਸਿਰਫ਼ ਉਦਯੋਗ, ਸਗੋਂ ਸਮਾਜ ਨੂੰ ਵੀ ਵੱਡੇ ਪੱਧਰ @ਤੇ ਸ਼ਾਮਲ ਕਰਨ ਅਤੇ ਇੱਕ ਨਵਾਂ ਲੁਧਿਆਣਾ ਬਣਾਉਣ ਵਿੱਚ ਭਾਈਵਾਲ ਬਣਾਉਣ ਵਿੱਚ ਮਦਦ ਕਰੇਗਾ। ਸਹੀ ਅਰਥਾਂ ਵਿੱਚ ਬਹੁਤ ਜ਼ਿਆਦਾ ਸੁਰੱਖਿਅਤ ਅਤੇ ਚੁਸਤ। ਇਸ ਤੋਂ ਇਲਾਵਾ, ਪੁਲਿਸ ਪ੍ਰਸ਼ਾਸਨ ਉਦਯੋਗ ਅਤੇ ਸਮਾਜ ਦੀ ਸੇਵਾ ਲਈ ਹਮੇਸ਼ਾ ਤਿਆਰ ਰਹਿੰਦਾ ਹੈ ਜਦੋਂ ਵੀ ਉਨ੍ਹਾਂ ਨੂੰ ਬੁਲਾਇਆ ਜਾਂਦਾ ਹੈ। ਐਸਪੀਐਸ ਹਸਪਤਾਲ, ਲੁਧਿਆਣਾ ਦੇ ਸੀਨੀਅਰ ਸਲਾਹਕਾਰ ਡਾ: ਅਮਿਤ ਭਾਂਬਰੀ ਅਤੇ ਡਾ: ਪੁਨੀਤ ਕੁਮਾਰ ਨੇ ਵੀ ਐਲਾਨ ਕੀਤਾ ਕਿ ਸੀਆਈਆਈ ਮੈਂਬਰ ਹੋਣ ਦੇ ਨਾਤੇ, ਐਸਪੀਐਸ ਹਸਪਤਾਲ ਸਮਾਜ ਦੀ ਭਲਾਈ ਦੇ ਹੱਕ ਵਿੱਚ ਅਜਿਹੀਆਂ ਪਹਿਲਕਦਮੀਆਂ ਕਰਨ ਲਈ ਹਮੇਸ਼ਾ ਤਿਆਰ ਹੈ। ਇਸ ਤੋਂ ਇਲਾਵਾ ਲੁਧਿਆਣਾ ਪੁਲਿਸ ਵੱਲੋਂ ਮੈਡੀਕਲ ਸਿਹਤ ਜਾਂਚ ਕੈਂਪ ਵੀ ਲਗਾਇਆ ਗਿਆ ਹੈ। ਜਿਸ ਵਿੱਚ ਵੱਖ-ਵੱਖ ਵਿਭਾਗਾਂ ਜਿਵੇਂ ਕਿ ਜਿਲ੍ਹਾ ਪੁਲਿਸ ਸਟੇਸ਼ਨਾਂ, ਪੀ.ਸੀ.ਆਰ., ਟ੍ਰੈਫਿਕ ਅਤੇ ਹੋਰਾਂ ਤੋਂ 125 ਤੋਂ ਵੱਧ ਪੁਲਿਸ ਅਧਿਕਾਰੀਆਂ ਨੇ ਇਸ ਸੈਸ਼ਨ ਵਿੱਚ ਸਰਗਰਮੀ ਨਾਲ ਭਾਗ ਲਿਆ ਤਾਂ ਜੋ ਇਸ ਨੂੰ ਸਫਲ ਬਣਾਇਆ ਜਾ ਸਕੇ। ਇਸ ਮੌਕੇ @ਤੇ ਪ੍ਰਮੁੱਖ ਮੈਂਬਰਾਂ ਨੇ ਵੀ ਸਰਗਰਮ ਸ਼ਮੂਲੀਅਤ ਕੀਤੀ ਜਿਵੇਂ ਕਿ ਸ਼੍ਰੀ ਲੋਕੇਸ਼ ਜੈਨ, ਐਮਡੀ - ਟੀਕੇ ਸਟੀਲਜ਼, ਸ੍ਰੀ ਗੁਰਵਿੰਦਰ ਸਚਦੇਵਾ, ਪ੍ਰੋਪਰਾਈਟਰ - ਐਚਐਸ ਸਚਦੇਵਾ ਐਂਡ ਸੰਨਜ਼, ਸ੍ਰੀ ਨਿਤਿਨ ਗੁਪਤਾ, ਐਮਡੀ - ਓਸ਼ੋ ਟੂਲਜ਼ ਪ੍ਰਾਈਵੇਟ ਲਿਮਟਿਡ, ਸ੍ਰੀ ਐਲ ਬੀ ਮੌਰਿਆ, ਪ੍ਰੋਪਰਾਈਟਰ - ਮੌਰੀਆ। ਐਕਸਪੋਰਟ, ਡਾ ਸਾਹਿਲ ਬਾਂਸਲ, ਪ੍ਰੋਪਰਾਈਟਰ - ਬਾਂਸਲ ਲੈਬਜ਼, ਐਡਵੋਕੇਟ ਪੁਨੀਤ ਗੁਪਤਾ - ਐਚ ਐਲ ਗੁਪਤਾ ਐਂਡ ਐਸੋਸੀਏਟਸ, ਸ਼੍ਰੀਮਤੀ ਸ਼ਿਵਾਨੀ ਸਚਦੇਵਾ, ਪਾਰਟਨਰ - ਫੈਂਸੀ ਕਾਪੀ ਨਿਰਮਾਤਾ ਅਤੇ ਸ਼੍ਰੀ ਰਾਕੇਸ਼ ਕੁਮਾਰ, ਪ੍ਰੋਪਰਾਈਟਰ - ਲਕਸ਼ਿਆ ਵਿੱਤੀ ਪ੍ਰਬੰਧਨ।

# ਵਿਧਾਇਕ ਗਰੇਵਾਲ ਵੱਲੋਂ ਅੱਜ ਡਾਈਂਗ ਉਦਯੋਗ ਨਾਲ ਮੀਟਿੰਗ

## ਮੀਟਿੰਗ ਦੌਰਾਨ ਸਮੱਸਿਆਵਾਂ ਸੁਣੀਆਂ, ਹੱਲ ਕਰਨ ਦਾ ਵੀ ਦਿੱਤਾ ਭਰੋਸਾ



**ਲੁਧਿਆਣਾ/ਸੁਖਚੈਨ ਮਹਿਰਾ,ਕਰਨ ਅੱਗਰਵਾਲ**

ਹਲਕਾ ਲੁਧਿਆਣਾ ਪੂਰਬੀ ਦੇ ਵਿਧਾਇਕ ਸ. ਦਲਜੀਤ ਸਿੰਘ ਗਰੇਵਾਲ ਵੱਲੋਂ ਅੱਜ ਇੱਕ ਸਥਾਨਕ ਹੋਟਲ ਵਿੱਚ ਡਾਈਂਗ ਉਦਯੋਗ ਨਾਲ ਸਬੰਧਤ ਉਦਯੋਗਪਤੀਆਂ ਨਾਲ ਮੀਟਿੰਗ ਕੀਤੀ ਜਿਸ ਵਿੱਚ ਉਨ੍ਹਾਂ ਵਿਧਾਇਕ ਗਰੇਵਾਲ ਨੂੰ ਆਪਣੀਆਂ ਸਮੱਸਿਆਵਾਂ ਤੋਂ ਜਾਣੂੰ ਕਰਵਾਇਆ। ਵਿਧਾਇਕ ਸ. ਦਲਜੀਤ ਸਿੰਘ ਗਰੇਵਾਲ ਵੱਲੋਂ ਉਨ੍ਹਾਂ ਨੂੰ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ। ਉਦਯੋਗਪਤੀਆਂ ਵੱਲੋਂ ਲੁਧਿਆਣਾ ਪੂਰਬੀ ਦੇ ਵਿਧਾਇਕ ਸ. ਦਲਜੀਤ ਸਿੰਘ ਗਰੇਵਾਲ ਨੂੰ ਡਾਈਂਗ ਉਦਯੋਗ ਨਾਲ ਸਬੰਧਤ ਦਰਪੇਸ਼ ਮੁਸ਼ਕਿਲਾਂ ਤੋਂ ਜਾਣੂੰ ਕਰਵਾਉਂਦਿਆਂ ਕਿਹਾ ਉਨ੍ਹਾਂ ਦੇ ਇਲਾਕੇ ਵਿੱਚ ਪੁਲਿਸ ਵਿਭਾਗ ਦੇ ਪੀ.ਸੀ.ਆਰ. ਦਸਤੇ ਦੀ ਗਸ਼ਤ ਵਧਾਈ ਜਾਵੇ ਅਤੇ ਗਲੀਆਂ ਵਿੱਚ ਲਾਈਟਾਂ ਦਾ ਢੁੱਕਵਾਂ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਯੂਨਿਟਾਂ ਵਿੱਚ ਦਿਨ-ਰਾਤ ਦੀਆਂ ਸ਼ਿਫਟਾਂ ਵਿੱਚ ਕੰਮ ਚੱਲਦਾ ਹੈ ਅਤੇ ਅਕਸਰ ਰਾਤ ਦੀ ਡਿਊਟੀ ਵੇਲੇ ਘਰ ਪਰਤਦੇ ਉਨ੍ਹਾਂ ਦੇ ਪ੍ਰਵਾਸੀ ਕਾਮਿਆਂ ਨਾਲ ਲੁੱਟ-ਖੋਹ ਦੀਆਂ ਵਾਰਦਾਤਾਂ ਹੋ ਜਾਂਦੀਆਂ ਹਨ। ਉਨ੍ਹਾਂ ਵਿਧਾਇਕ ਗਰੇਵਾਲ ਨੂੰ ਜਾਣੂੰ ਕਰਵਾਇਆ ਕਿ ਉਦਯੋਗਿਕ ਇਕਾਈਆਂ ਦੇ ਗੰਦੇ ਪਾਣੀ ਦੇ ਸੁੱਧੀਕਰਨ ਲਈ ਵੱਖ-ਵੱਖ ਇਕਾਈਆਂ ਵੱਲੋਂ ਆਪਣੇ ਪੱਧਰ @ਤੇ ਵੀ ਸੀ.ਈ.ਟੀ.ਪੀ. ਸਥਾਪਤ ਕਰ ਲਏ ਗਏ ਹਨ ਜਿਸਦੇ ਤਹਿਤ ਉਨ੍ਹਾਂ ਦਾ ਵਿੱਤੀ ਬੋਝ ਘੱਟ ਕਰਨ ਲਈ ਸਬਸਿਡੀ ਦੀ ਮੰਗ ਕੀਤੀ। ਉਦਯੋਗਪਤੀਆਂ ਨੇ ਸਾਂਝੇ ਤੌਰ @ਤੇ ਕਿਹਾ ਕਿ ਉਨ੍ਹਾਂ ਕੋਲ ਨਵਾਂ ਸੀ.ਈ.ਟੀ.ਪੀ. ਸਥਾਪਤ ਕਰਨ ਲਈ ਨਿਰਧਾਰਤ ਜਗ੍ਹਾ ਉਪਲੱਬਧ ਹੈ, ਜਿੱਥੇ ਸਰਕਾਰ ਵੱਲੋਂ ਨਵਾਂ ਸੀ.ਈ.ਟੀ.ਪੀ. ਵੀ ਸਥਾਪਤ ਕੀਤਾ ਜਾ ਸਕਦਾ ਹੈ। ਵਿਧਾਇਕ ਸ. ਦਲਜੀਤ ਸਿੰਘ ਗਰੇਵਾਲ ਵੱਲੋਂ ਉਦਯੋਗਪਤੀਆਂ ਨੂੰ ਭਰੋਸਾ ਦਿਵਾਇਆ ਕਿ ਉਹ ਰਿਵਾਇਤੀ ਵਿਧਾਇਕਾਂ ਤੋਂ ਹੱਟਕੇ ਬਿਨ੍ਹਾਂ ਕਮੀਸ਼ਨ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਉਦਯੋਗਪਤੀਆਂ ਦੀ ਜਿਹੜੀਆਂ ਮੰਗਾਂ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਹਨ ਉਨ੍ਹਾਂ ਨੂੰ ਜਲਦ ਪੂਰਾ ਕੀਤਾ ਜਾਵੇਗਾ ਅਤੇ ਸੀ.ਈ.ਟੀ.ਪੀ. ਨਾਲ ਸਬੰਧਤ ਮੁੱਦਾ ਜਲਦ ਸੂਬਾ ਸਰਕਾਰ ਅੱਗੇ ਰੱਖਣਗੇ। ਵਿਧਾਇਕ ਨੇ ਅੱਗੇ ਕਿਹਾ ਕਿ ਸੀ.ਈ.ਟੀ.ਪੀ. ਦੀ ਸਥਾਪਨਾ ਮਨੁੱਖਤਾ, ਵਾਤਾਵਰਣ ਅਤੇ ਸਮਾਜ ਦੀ ਸਰਵੋਤਮ ਸੇਵਾ ਹੈ। ਉਨ੍ਹਾਂ ਕਿਹਾ ਇਹ ਸੀ.ਈ.ਟੀ.ਪੀ. ਸਮੇਂ ਦੀ ਲੋੜ ਹੈ ਕਿਉਂਕਿ ਵਿਅਕਤੀਗਤ ਛੋਟੇ ਪੱਧਰ ਦੇ ਉਦਯੋਗ ਹੁਨਰਮੰਦ ਮਨੁੱਖੀ ਸ਼ਕਤੀ ਦੀ ਘਾਟ ਕਾਰਨ ਆਪਣੇ ਈ.ਟੀ.ਪੀ. ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਚਲਾ ਸਕਦੇ. ਉਨ੍ਹਾਂ ਕਿਹਾ ਇਸ ਮਹੱਤਵਪੂਰਨ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਲਈ ਪੂਰਾ ਜ਼ੋਰ ਲਾਉਣਗੇ। ਉਨ੍ਹਾਂ ਉਦਯੋਗਪਤੀਆਂ ਨੂੰ ਆਪਣੇ ਹਲਕੇ ਦੇ ਖੇਤਰ ਵਿੱਚ ਹਵਾ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਕੀਤੀ ਪਹਿਲਕਦਮੀ ਦੀ ਸ਼ਲਾਘਾ ਕੀਤੀ।

ਇਸ ਮੌਕੇ ਅਨਿਲ ਸੇਠ, ਅਰਵਿੰਦ ਕਾਲੜਾ, ਕਮਲ ਚੌਹਾਨ, ਮਨਦੀਪ ਸਿੰਘ, ਕੁਲਵੰਤ ਢਿੱਲੋਂ, ਸੁਨੀਲ ਬਾਂਸਲ, ਗੁਰਚਰਨ ਸਿੰਘ, ਮਹਾਂਵੀਰ ਤਿਆਗੀ, ਨਮਿਤ ਜੈਨ, ਬਾਬੂ ਰਾਮ, ਅਵਤਾਰ ਸਿੰਘ, ਅਜੇ ਮਿੱਤਲ, ਰਮਨ ਕੁਮਾਰ, ਸੰਦੀਪ ਸਿੰਗਲਾ ਅਤੇ ਮੋਹਿਤ ਮਿੱਤਲ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਆਕ੍ਰਿਤੀ ਨੇ ਦੂਸਰਾ ਸਥਾਨ ਪ੍ਰਾਪਤ ਕਰਕੇ ਐਕਸਪਰਟ ਟਿਊਸ਼ਨ ਸੈਂਟਰ ਦਾ ਨਾਮ ਕੀਤਾ ਰੋਸ਼ਨ



**ਨਵਾਂਸ਼ਹਿਰ/ਲੋਕ ਬਾਣੀ**

ਨਵਾਂਸ਼ਹਿਰ ਦੇ ਰਾਹੋਂ ਰੋਡ ਖਾਰਾ ਕਲੋਨੀ ਵਿੱਚ ਸਥਿਤ ਐਕਸਪਰਟ ਟਿਊਸ਼ਨ ਸੈਂਟਰ ਦੀ ਹੋਣਹਾਰ ਵਿਦਿਆਰਥਣ ਆਕ੍ਰਿਤੀ ਸੈਂਗਰ ਨੇ ਗਿਆਰਵੀਂ ਕਲਾਸ ਦੇ ਸਾਇੰਸ ਵਿਸ਼ੇ ਵਿਚ ਕੈਂਬਰਿਜ ਸਕੂਲ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ ਇਸ ਮੌਕੇ ਤੇ ਐਕਸਪਰਟ ਦੇ ਨਿਰਦੇਸ਼ਕ ਪਰਮਿੰਦਰ ਪਾਲ ਸਿੰਘ ਬਖਸ਼ੀ ਦੁਆਰਾ ਵਿਦਿਆਰਥੀਆਂ ਦਾ ਹੌਸਲਾ ਵਧਾਉਣ ਲਈ ਆਕ੍ਰਿਤੀ ਸੈਂਗਰ ਨੂੰ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤਰ੍ਹਾਂ ਦੇ ਹੋਣਹਾਰ ਵਿਦਿਆਰਥੀਆਂ ਤੋਂ ਇਹ ਸਾਬਤ ਹੁੰਦਾ ਹੈ ਕਿ ਹੈ ਐਕਸਪਰਟ ਹਮੇਸ਼ਾਂ ਸ਼ਾਨਦਾਰ ਨਤੀਜਾ ਦੇ ਤੌਰ ਤੇ ਜਾਣਿਆ ਜਾਂਦਾ ਹੈ ਕਿਉਂ ਕੇ ਐਕਸਪਰਟ ਸੈਂਟਰ ਦੇ ਵਿਦਿਆਰਥੀ ਹਮੇਸ਼ਾ ਹੀ ਨਤੀਜਿਆਂ ਵਿੱਚੋਂ ਪਹਿਲੇ ਅਤੇ ਦੂਸਰੇ ਸਥਾਨ ਤੇ ਆਉਂਦੇ ਹਨ ਇਸ ਮੌਕੇ ਤੇ ਨਿਰਦੇਸ਼ਕ ਪਰਮਿੰਦਰ ਪਾਲ ਸਿੰਘ ਬਖਸ਼ੀ ਨੇ ਦੱਸਿਆ ਕਿ ਸੈਂਟਰ ਵਿੱਚ ਮੈਡੀਕਲ ਅਤੇ ਨਾਨ ਮੈਡੀਕਲ ਦੇ ਸਾਰੇ ਵਿਸ਼ਿਆਂ ਦੇ ਵਿਦਿਆਰਥੀਆਂ ਨੂੰ ਤਿਆਰੀ ਕਰਵਾਕੇ ਆਈਆਈਟੀ ਅਤੇ ਨੀਟ ਦੇ ਟੈਸਟ ਲਈ ਤਿਆਰ ਕੀਤਾ ਜਾਂਦਾ ਹੈ ਇਸ ਮੌਕੇ ਤੇ ਵਿਦਿਆਰਥਣ ਆਕ੍ਰਿਤੀ ਸੈਂਗਰ ਵੱਲੋਂ ਐਕਸਪਰਟ ਸੈਂਟਰ ਦੇ ਨਿਰਦੇਸ਼ਕ ਪਰਮਿੰਦਰ ਪਾਲ ਸਿੰਘ ਬਖਸ਼ੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਜਿਸਦੇ ਸੈਂਟਰ ਦੀ ਬਦੌਲਤ ਉਸ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ ਹੈ ।

# ਕਿਸਾਨਾਂ ਸਮੇਤ ਸਾਰੇ ਹਿੱਸੇਦਾਰਾਂ ਨੂੰ ਨਿਰਵਿਘਨ, ਤੁਰੰਤ ਅਤੇ ਮੁਸ਼ਕਲ ਰਹਿਤ ਕਣਕ ਦੀ ਖਰੀਦ ਦਾ ਭਰੋਸਾ

**ਖੰਨਾ (ਲੁਧਿਆਣਾ)/ਤੇਜਿੰਦਰ ਸਿੰਘ ਆਰਟਿਸਟ/ਸੁਖਚੈਨ ਮਹਿਰਾ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਸੂਬੇ ਵਿੱਚ ਕਣਕ ਦੀ ਖਰੀਦ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਸਾਰੇ ਹਿੱਸੇਦਾਰਾਂ ਖਾਸ ਕਰਕੇ ਖਰੀਦ ਪ੍ਰਕਿਰਿਆ ਵਿੱਚ ਸ਼ਾਮਲ ਕਿਸਾਨਾਂ ਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬੇ ਦੀਆਂ ਸਾਰੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਨਿਰਵਿਘਨ ਚੱਲ ਰਹੀ ਹੈ।

ਇਥੇ ਅਨਾਜ ਮੰਡੀ ਵਿਖੇ ਚੱਲ ਰਹੇ ਕਣਕ ਦੇ ਖਰੀਦ ਕਾਰਜਾਂ ਦਾ ਜਾਇਜ਼ਾ ਲੈਂਦਿਆਂ ਭਗਵੰਤ ਮਾਨ ਨੇ ਕਿਹਾ ਕਿ ਫੂਡ ਅਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਅਤੇ ਸੂਬੇ ਦੀਆਂ ਸਾਰੀਆਂ ਖਰੀਦ ਏਜੰਸੀਆਂ ਦੇ ਮੁਖੀਆਂ ਨੂੰ ਤੁਰੰਤ ਲਿਫਟਿੰਗ ਤੋਂ ਇਲਾਵਾ ਸਮੇਂ ਸਿਰ ਅਦਾਇਗੀ ਨੂੰ ਯਕੀਨੀ ਬਣਾਉਣ ਲਈ ਵਿਸਤ੍ਰਿਤ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

ਇਸ ਮੌਕੇ ਰਜਵੰਤ ਕੌਰ ਪਤਨੀ ਕੁਲਵੰਤ ਸਿੰਘ ਭਾਦਲਾ ਦੀ 50 ਕੁਇੰਟਲ ਕਣਕ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਏਜੰਸੀ ਵੱਲੋਂ ਕਮਿਸ਼ਨ ਏਜੰਟ ਮੈਸਰਜ਼ ਖੁਸ਼ੀ ਰਾਮ ਐਂਡ ਕੰਪਨੀ ਰਾਹੀਂ ਖਰੀਦੀ ਗਈ ਅਤੇ ਮੌਕੇ @ਤੇ ਹੀ ਆਨਲਾਈਨ ਅਦਾਇਗੀ ਵੀ ਕੀਤੀ ਗਈ।




ਮੁੱਖ ਮੰਤਰੀ ਨੇ ਕਿਹਾ ਕਿ ਇਸ ਵਾਰ ਮੰਡੀਆਂ ਵਿੱਚ ਕਣਕ ਦੀ ਆਮਦ ਵਿੱਚ ਥੋੜੀ ਦੇਰੀ ਹੋਈ ਹੈ ਅਤੇ ਕੁਝ ਖੇਤਰਾਂ ਵਿੱਚ ਉਪਜ ਵੀ ਮੁਕਾਬਲਤਨ ਘੱਟ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਕਿਸਾਨਾਂ ਦੀ ਪੈਦਾਵਾਰ ਦਾ ਇੱਕ-ਇੱਕ ਦਾਣਾ ਸਰਕਾਰ ਵੱਲੋਂ ਆਪਣੀਆਂ 2262 ਮੰਡੀਆਂ (1862 ਸਥਾਈ ਅਤੇ 400 ਅਸਥਾਈ) ਰਾਹੀਂ ਖਰੀਦਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਾਲ ਉਨ੍ਹਾਂ ਨੂੰ ਸੂਬੇ ਵਿੱਚ 135 ਲੱਖ ਮੀਟਰਕ ਟਨ ਕਣਕ ਦੀ ਆਮਦ ਹੋਣ ਦੀ ਉਮੀਦ ਹੈ, ਜਿਸ ਵਿੱਚੋਂ 97000 ਮੀਟਰਕ ਟਨ ਇਕੱਲੇ ਖੰਨਾ ਮੰਡੀ ਵਿੱਚ ਅਤੇ 9.24 ਲੱਖ ਮੀਟਰਕ ਟਨ ਜ਼ਿਲ੍ਹਾ ਲੁਧਿਆਣਾ ਵਿੱਚ ਆਉਣ ਦੀ ਸੰਭਾਵਨਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਰੂਸ-ਯੂਕਰੇਨ ਜੰਗ ਕਾਰਨ ਵਿਸ਼ਵ ਪੱਧਰ @ਤੇ ਕਣਕ ਦੀ ਮੰਗ ਵਧੇਗੀ ਅਤੇ ਇਸ ਵਾਰ ਨਿੱਜੀ ਵਪਾਰੀਆਂ ਵੱਲੋਂ ਸਰਕਾਰੀ ਨਿਰਧਾਰਿਤ ਘੱਟੋ-ਘੱਟ ਸਮਰਥਨ ਮੁੱਲ ਤੋਂ ਉਪਰ ਕਣਕ ਦੀ ਖਰੀਦ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਟੈਕਸ ਜਮ੍ਹਾਂ ਕਰਵਾਉਣ ਤੋਂ ਬਾਅਦ ਪ੍ਰਾਈਵੇਟ ਵਪਾਰੀ ਸੂਬੇ ਦੀਆਂ ਸਾਰੀਆਂ ਮੰਡੀਆਂ ਵਿੱਚੋਂ ਕਣਕ ਦੀ ਆਸਾਨੀ ਨਾਲ ਖਰੀਦ ਕਰ ਸਕਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 48 ਘੰਟਿਆਂ ਦੇ ਅੰਦਰ-ਅੰਦਰ ਅਦਾਇਗੀ ਆਨਲਾਈਨ ਟਰਾਂਸਫਰ ਕੀਤੀ ਜਾ ਰਹੀ ਹੈ ਅਤੇ ਉਹ ਕਣਕ ਦੀ ਚੱਲ ਰਹੀ ਖਰੀਦ ਪ੍ਰਕਿਰਿਆ ਦੀ ਖੁਦ ਨਿਗਰਾਨੀ ਕਰ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਕੀਤੀ ਗਈ ਹੈ ਕਿ ਆਵਾਜਾਈ, ਅਦਾਇਗੀ ਅਤੇ ਬਾਰਦਾਨੇ ਵਿੱਚ ਕਿਸੇ ਕਿਸਮ ਦੀ ਦਿੱਕਤ ਨਾ ਆਵੇ। ਉਨ ਾਂ ਕਿਹਾ ਕਿ ਮੰਡੀਆਂ ਵਿੱਚ ਕਿਸਾਨ ਦਾ ਐਨ ਡਾਟਾ ਸਹੀ ਢੰਗ ਨਾਲ ਸੰਭਾਲਿਆ ਜਾਵੇਗਾ ਅਤੇ ਇਸ ਸਬੰਧੀ ਸਬੰਧਤ ਅਧਿਕਾਰੀਆਂ ਨੂੰ ਸਪੱਸ਼ਟ ਹਦਾਇਤਾਂ ਪਹਿਲਾਂ ਹੀ ਦਿੱਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਕਿਸਾਨ ਨੂੰ ਮੰਡੀਆਂ ਵਿੱਚ ਕੋਈ ਦਿੱਕਤ ਨਹੀਂ ਆਉਣ ਦੇਵੇਗੀ। ਉਨ੍ਹਾਂ ਕਿਹਾ ਕਿ ਸਾਰੀਆਂ ਮੰਡੀਆਂ ਵਿੱਚ ਪੀਣ ਵਾਲੇ ਪਾਣੀ, ਲਾਈਟਾਂ, ਬੈਠਣ ਦੇ ਪ੍ਰਬੰਧ ਅਤੇ ਪਖਾਨੇ ਆਦਿ ਦੇ ਸਾਰੇ ਪ੍ਰਬੰਧ ਯਕੀਨੀ ਬਣਾਏ ਗਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਦੂਜੇ ਰਾਜਾਂ ਤੋਂ ਕਣਕ ਦੀ ਆਮਦ ਨਾ ਹੋਣ ਨੂੰ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਪੂਰੀ ਤਰ੍ਹਾਂ ਤਿਆਰ ਹੈ ਅਤੇ ਇਸ ਭ੍ਰਿਸ਼ਟ ਵਰਤਾਰੇ ਦੀ ਇਜਾਜ਼ਤ ਦੇਣ ਵਾਲੇ ਸਾਰੇ ਅਧਿਕਾਰੀਆਂ ਜਾਂ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਖੰਨਾ ਦੇ ਵਿਧਾਇਕ ਤਰੁਣਪ੍ਰੀਤ ਸਿੰਘ ਸੌਂਦ, ਵਿੱਤ ਕਮਿਸ਼ਨਰ ਖੇਤੀਬਾੜੀ ਤੇ ਕਿਸਾਨ ਭਲਾਈ ਡੀ.ਕੇ ਤਿਵਾੜੀ, ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਦੇ ਸਕੱਤਰ ਗੁਰਕੀਰਤ ਕਿਰਪਾਲ ਸਿੰਘ ਅਤੇ ਡਿਪਟੀ ਕਮਿਸ਼ਨਰ ਲੁਧਿਆਣਾ ਵਰਿੰਦਰ ਕੁਮਾਰ ਸ਼ਰਮਾ ਸਮੇਤ ਹੋਰ ਉੱਚ ਅਧਿਕਾਰੀ ਹਾਜ਼ਰ ਸਨ।

# ਦੋ ਸਾਲ ਦੇ ਬਾਅਦ ਸ਼੍ਰੀ ਰਾਮਨੌਮੀ ਦੇ ਸਬੰਧ ਵਿੱਚ ਨੌ ਨੂੰ ਕੱਢੀ ਜਾਵੇਗੀ ਸ਼ੋਭਾਯਾਤਰਾ, ਜਗ੍ਹਾ-ਜਗ੍ਹਾ ਫੁੱਲਾਂ ਦੀ ਵਰਖਾ ਕਰਕੇ ਹੋਵੇਗਾ ਸਵਾਗਤ



**ਕਪੂਰਥਲਾ/ਪਰਮਜੀਤ ਸੰਨੀ**

ਕੋਵਿਡ-19 ਦੇ ਚਲਦੇ ਦੋ ਸਾਲ ਬਾਅਦ ਸ਼੍ਰੀ ਰਾਮਨੌਮੀ ਉਤਸਵ ਕਮੇਟੀ ਸਨਾਤਨ ਧਰਮ ਸਭਾ ਦੇ ਵਲੋਂ ਸ਼੍ਰੀ ਰਾਮਨੌਮੀ ਦੇ ਸਬੰਧ ਵਿੱਚ ਨੌਂ ਅਪ੍ਰੈਲ ਨੂੰ ਸ਼ਹਿਰ ਵਿੱਚ ਕੱਢੀ ਜਾਣ ਵਾਲੀ ਸ਼ੋਭਾਯਾਤਰਾਨੂੰ ਲੈ ਕੇ ਇਸ ਵਾਰ ਸ਼ਹਿਰ ਵਾਸੀਆਂ ਵਿੱਚ ਵਿਸ਼ੇਸ਼ ਉਤਸ਼ਾਹ ਪਾਇਆ ਜਾ ਰਿਹਾ ਹੈ।ਸ਼੍ਰੀ ਰਾਮਨੌਮੀ ਦੇ ਸਬੰਧ ਵਿੱਚ ਕੱਢੀ ਜਾਣ ਵਾਲੀ ਸ਼ੋਭਾਯਾਤਰਾ ਨੂੰ ਲੈ ਕੇ ਹੈਰਿਟੇਜ ਸਿਟੀ ਕਪੂਰਥਲਾ ਦੇ ਸਮੂਹ ਹਿੰਦੂ ਸੰਗਠਨਾਂ,ਰਾਜਨੀਤਿਕ,ਸਮਾਜਿਕ ਤੇ ਮੰਦਿਰ ਕਮੇਟੀਆਂ ਦੀ ਬੈਠਕ ਮੰਦਿਰ ਧਰਮ ਸਭਾ ਵਿੱਚ ਹੋਈ।ਇਸ ਅੰਤਮ ਬੈਠਕ ਵਿੱਚ ਸ਼ਹਿਰ ਦੇ ਵੱਖ ਵੱਖ ਧਾਰਮਿਕ,ਸਮਾਜਿਕ ਅਤੇ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦੇ ਨਾਲ ਮੰਦਿਰ ਕਮੇਟੀਆਂ ਦੇ ਲੋਕ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ।ਬੈਠਕ ਸ਼ੁਰੂ ਹੋਣ ਤੋਂ ਪਹਿਲਾਂ ਭਗਵਾਨ ਸ਼੍ਰੀ ਰਾਮ ਦੇ ਚਿੱਤਰ ਤੇ ਫੁੱਲ ਮਾਲਵਾ ਚੜਾ ਕੇ ਦੀਪ ਪ੍ਰੱਜਵਲਿਤ ਕੀਤਾ ਗਿਆ।ਇਸ ਬੈਠਕ ਵਿੱਚ ਸ਼੍ਰੀ ਰਾਮਨੌਮੀ ਸ਼ੋਭਾਯਾਤਰਾ ਦੀ ਚਰਚਾ ਦੇ ਨਾਲ ਤਿਆਰੀ ਅਤੇ ਰੂਪ ਰੇਖਾ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ।ਸ਼੍ਰੀ ਰਾਮਨੌਮੀ ਉਤਸਵ ਕਮੇਟੀ ਸਨਾਤਨ ਧਰਮ ਸਭਾ ਦੇ ਬੈਨਰ ਤਲੇ ਅਤੇ ਸ਼੍ਰੀ ਰਾਮਾਇਣ ਜੀ ਦੀ ਛਤਰਛਾਇਆ ਵਿੱਚ ਕੱਢੀ ਜਾਣ ਵਾਲੀ ਇਸ ਸ਼ੋਭਾਯਾਤਰਾ ਦੀ ਅਗਵਾਈ ਚਾਰਾਂ ਵੇਦਾਂ ਦੀ ਝਾਂਕੀ ਦੁਆਰਾ ਕੀਤੀ ਜਾਵੇਗੀ।ਇਸਦੇ ਪਿੱਛੇ-ਪਿੱਛੇ ਬੈਂਡ ਵਾਜੀਆਂ ਦੇ ਨਾਲ ਸ਼ਹਿਰ ਦੇ ਵੱਖ ਵੱਖ ਧਾਰਮਿਕ ਸੰਗਠਨਾਂ ਦੀ ਡੇਢ ਦਰਜਨ ਦੇ ਕਰੀਬ ਝਾਂਕੀਆਂ ਨਿਕਲਣ ਗਿਆ।ਇਨ੍ਹਾਂ ਦੇ ਪਿੱਛੇ ਸ਼ੋਭਾਯਾਤਰਾ ਵਿੱਚ ਸ਼ਾਮਿਲ ਹੋਣ ਵਾਲਾ ਸ਼੍ਰੀ ਰਾਮ ਰੱਥ ਚੱਲੇਗਾ।ਇਸ ਵਿੱਚ ਫੁੱਲ ਮਾਲਾਵਾਂ ਨਾਲ ਸੋਭਨੀਕ ਸ਼੍ਰੀ ਰਾਮਾਇਣ ਜੀ ਵਿਰਾਜਮਾਨ ਹੋਣਗੇ।ਇਨ੍ਹਾਂ ਦੇ ਪਿੱਛੇ-ਪਿੱਛੇ ਗਣਮਾਨਿਏ ਸ਼ਹਿਰ ਵਾਸੀ ਅਤੇ ਸੰਯੋਜਕ ਸ਼੍ਰੀ ਰਾਮ ਨਾਮ ਦਾ ਉਚਾਰਣ ਕਰਦੇ ਹੋਏ ਚੱਲਣਗੇ।ਸ਼ੋਭਾਯਾਤਰਾ ਦੇ ਰੂਟ ਵਿੱਚ ਆਉਂਦੇ ਸ਼ਾਲੀਮਾਰ ਬਾਗ,ਜਲੌਖਾਨਾ ਚੌਕ, ਸਦਰ ਬਾਜ਼ਾਰ,ਸ਼ਹੀਦ ਭਗਤ ਸਿੰਘ ਚੌਕ,ਸਤਿ ਨਰਾਇਣ ਬਾਜ਼ਾਰ ਵਿੱਚ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ।ਇਸਦੇ ਇਲਾਵਾ ਵੱਖ ਵੱਖ ਸ਼ਰਧਾਲੂ ਦੁਕਾਨਦਾਰਾਂ ਵਲੋਂ ਸ਼ੋਭਾਯਾਤਰਾ ਵਿੱਚ ਸ਼ਾਮਲ ਹੋਣ ਵਾਲੇ ਸ਼੍ਰੀ ਰਾਮ ਭਗਤ ਲਈ ਖਾਣ-ਪੀਣ ਦੀ ਵਿਵਸਥਾ ਵੀ ਕੀਤੀ ਜਾਵੇਗੀ।ਸ਼੍ਰੀ ਰਾਮਨੌਮੀ ਉਤਸਵ ਕਮੇਟੀ ਸਨਾਤਨ ਧਰਮ ਸਭਾ ਦੇ ਪ੍ਰਧਾਨ ਸੁਭਾਸ਼ ਮਕਰੰਦੀ ਨੇ ਦੱਸਿਆ ਦੀ ਰਾਮਨੌਮੀ ਦੇ ਸਬੰਧ ਵਿੱਚ ਵਿਸ਼ਾਲ ਸ਼ੋਭਾਯਾਤਰਾ ਨੌ ਅਪ੍ਰੈਲ ਸ਼ਾਮ 5.30 ਨੂੰ ਮੰਦਿਰ ਧਰਮ ਸਭਾ ਤੋਂ ਕੱਢੀ ਜਾਵੇਗੀ।ਨਾਲ ਹੀ ਸ਼ੋਭਾਯਾਤਰਾ ਨੂੰ ਸਫਲ ਬਣਾਉਣ ਲਈ ਸਾਰੇ ਸ਼ਹਿਰ ਤੇ ਮੈਂਬਰ ਆਪਣਾ ਫਰਜ ਬਾਖ਼ੂਬੀ ਨਿਭਾਉਣਗੇ। ਸੁਭਾਸ਼ ਮਕਰੰਦੀ ਨੇ ਸ਼ਹਿਰ ਵਾਸੀਆਂ ਨੂੰ ਨੌ ਅਪ੍ਰੈਲ ਨੂੰ ਕੱਢੀ ਜਾਣ ਵਾਲੀ ਸ਼੍ਰੀ ਰਾਮਨੌਮੀ ਦੀ ਵਿਸ਼ਾਲ ਸ਼ੋਭਾਯਾਤਰਾ ਵਿੱਚ ਵੱਧ-ਚੜ੍ਹਕੇ ਭਾਗ ਲੈਣ ਦੀ ਅਪੀਲ ਕੀਤੀ।ਇਸ ਮੌਕੇ ਤੇ ਸ਼੍ਰੀ ਰਾਮਨੌਮੀ ਉਤਸਵ ਕਮੇਟੀ ਸਨਾਤਨ ਧਰਮ ਸਭਾ ਦੇ ਵਿਜੈ ਖੋਸਲਾ,ਕਮਲ ਮਲਹੋਤਰਾ,ਰਾਕੇਸ਼ ਚੋਪੜਾ,ਹੀਰਾ ਲਾਲ ਵਰਮਾ,ਸ਼ਿਵ ਧੀਰ,ਮਦਨ ਲਾਲ ਸ਼ਰਮਾ,ਕੁਲਦੀਪ ਸ਼ਰਮਾ, ਸਤੀਸ਼ ਮਹਾਜਨ,ਵਿਪਨ ਬਹਿਲ,ਸੁਰਿੰਦਰ ਪਾਸੀ,ਕਪਿਲ ਸੇਠ,ਮੁਕੇਸ਼ ਗੁਪਤਾ,ਨਿਤੀਨ ਸ਼ਰਮਾ,ਬਜਿੰਦਰ ਵਧਵਾ ਰਮਿੰਦਰ ਸਿੰਘ ਬਾਵਾ,ਨਰੇਸ਼ ਬਹਿਲ,ਧੀਰਜ ਬਜਾਜ਼,ਸੰਜੀਵ ਬਜਾਜ਼,ਰਾਜੂ ਸੂਦ,ਨਰਾਇਣ ਦਾਸ,ਪ੍ਰਮੋਦ ਸ਼ਰਮਾ, ਵਰਿੰਦਰ ਸੂਦ,ਮਨੋਜ ਖੁਰਾਣਾ,ਵਿਜੈ ਛਾਬੜਾ,ਵਿਸ਼ਵ ਹਿੰਦੂ ਪਰਿਸ਼ਦ ਜਲੰਧਰ ਵਿਭਾਗ ਦੇ ਪ੍ਰਧਾਨ ਨਰੇਸ਼ ਪੰਡਿਤ, ਬਜਰੰਗ ਦਲ ਦੇ ਜ਼ਿਲ੍ਹਾ ਪ੍ਰਧਾਨ ਜੀਵਨ ਪ੍ਰਕਾਸ਼ ਵਾਲੀਆ,ਉਪਪ੍ਰਧਾਨ ਦੀਪੀਕ ਮਰਵਾਹਾ,ਜ਼ਿਲ੍ਹਾ ਉਪਪ੍ਰਧਾਨ ਆਨੰਦ ਯਾਦਵ,ਕਾਂਗਰਸੀ ਆਗੂ ਮਨੋਜ ਭਸੀਨ,ਸ਼ਿਵ ਸੈਨਾ ਬਾਲ ਠਾਕਰੇ ਦੇ ਪ੍ਰਦੇਸ਼ ਬੁਲਾਰੇ ਓਮਕਾਰ ਕਾਲੀਆ,ਜ਼ਿਲ੍ਹਾ ਪ੍ਰਧਾਨ ਦੀਪਕ ਮਦਾਨ,ਮੋਨੂੰ ਦੀਵਾਨ,ਰਾਜਿੰਦਰ ਵਰਮਾ,ਧਰਮਿੰਦਰ ਕਾਕਾ,ਯੋਗੇਸ਼ ਸੋਨੀ,ਦੀਪਕ ਵਿਗ,ਟੀਟੂ ਪੇਂਟਰ,ਸਚਿਨ ਬਹਿਲ,ਲਵਲੇਸ਼ ਢੀਂਗਰਾ,ਭਾਜਪਾ ਜ਼ਿਲ੍ਹਾ ਪ੍ਰਧਾਨ ਰਾਜੇਸ਼ ਪਾਸੀ,ਜ਼ਿਲ੍ਹਾ ਉਪਪ੍ਰਧਾਨ ਰਣਜੀਤ ਸਿੰਘ ਖੋਜੇਵਾਲ,ਜ਼ਿਲ੍ਹਾ ਉਪਪ੍ਰਧਾਨ ਐਡਵੋਕੇਟ ਪਿਊਸ਼ ਮਨਚੰਦਾ,ਜ਼ਿਲ੍ਹਾ ਸਕੱਤਰ ਸੁਖਜਿੰਦਰ ਸਿੰਘ,ਕੁਮਾਰ ਗੌਰਵ ਮਹਾਜਨ,ਭਾਜਪਾ ਯੁਵਾ ਮੋਰਚਾ ਦੇ ਮੰਡਲ ਪ੍ਰਧਾਨ ਸੁਮੰਗ ਸ਼ਰਮਾ,ਸਤਨਰਾਇਣ ਮੰਦਿਰ ਦੇ ਨਰੇਸ਼ ਗੋਸਾਈਂ,ਭਗਵਨ ਵਾਲਮੀਕ ਕ੍ਰਾਂਤੀ ਸੈਨਾ ਪੰਜਾਬ ਦੇ ਪ੍ਰਧਾਨ ਸ਼ਰਵਣ ਗਿਲ,ਸਮਾਜ ਸੇਵਕ ਰੋਸ਼ਨ ਲਾਲ ਸੱਭਰਵਾਲ,ਸ਼ਿਵ ਮੰਦਿਰ ਕਚਹਿਰੀ ਚੌਕ ਦੇ ਵਿਜੈ ਸ਼ਰਮਾ ,ਚਿੰਤਪੂਰਣੀ ਮੰਦਿਰ ਅਜੀਤ ਨਗਰ ਦੇ ਮਾਂ ਵੀਨਾ ਸ਼ਰਮਾ,ਕਰਨ ਸ਼ਰਮਾ,ਮਣਿ ਮਹੇਸ਼ ਮੰਦਿਰ ਦੇ ਅਸ਼ੋਕ ਅਰੋੜਾ, ਸਮਾਜ ਸੇਵਕ ਵਿਕਾਸ ਸ਼ਾਸਤਰੀ,ਅਮਨਦੀਪ ਗੋਲਡੀ,ਸਵਾਮੀ ਰਘੁਨਾਥ,ਮੋਹਿਤ ਜੱਸਲ,ਸਰਵਣ ਯਾਦਵ,ਭਾਜਪਾ ਦੇ ਮੰਡਲ ਪ੍ਰਧਾਨ ਚੇਤਨ ਸੂਰੀ,ਆਲ ਇੰਡਿਆ ਅੱਤਵਾਦ ਵਿਰੋਧੀ ਫਰੰਟ ਦੇ ਪ੍ਰਦੇਸ਼ ਉਪਪ੍ਰਧਾਨ ਰਾਜੇਸ਼ ਭਾਸਕਰ ਲਾਲੀ, ਕਾਂਗਰਸੀ ਆਗੂ ਰਮੇਸ਼ ਮਹਿਰਾ,ਕਾਂਗਰਸੀ ਨੇਤਾ ਅਨਿਲ ਸ਼ੁਕਲਾ,ਨਰੇਸ਼ ਸੇਠੀ ਸਮੇਤ ਵਾਦੀ ਗਿਣਤੀ ਵਿਚ ਮੰਦਿਰ ਕਮੇਟੀਆਂ ਦੇ ਮੈਂਬਰ ਤੇ ਸ਼ਹਿਰ ਵਾਸੀ ਮੌਜੂਦ ਸਨ।

# ਗੁਰਦੁਆਰਾ ਪ੍ਰਭ ਮਿਲਣੇ ਕਾ ਚਾਉ ਦੇ ਸਿੱਖਿਆਰਥੀ ਸਿੱਖ ਮੁੰਡਾ ਤੇ ਕੁੜੀ ਨੇ ਨਿਵੇਕਲੇ ਅੰਦਾਜ਼ ਵਿੱਚ ਕਰਵਾਇਆ ਵਿਆਹ



**ਅੰਮ੍ਰਿਤਸਰ/ਰਾਜਾ ਕੋਟਲੀ**

ਮਜੀਠਾ ਕਸਬੇ ਦੇ ਨਜ਼ਦੀਕੀ ਪੈਂਦੇ ਪਿੰਡ ਭੋਮਾਂ ਦੇ ਵਸਨੀਕ ਹਰਪ੍ਰੀਤ ਸਿੰਘ ਦੇ ਪੁੱਤਰ ਪ੍ਰਗਟ ਸਿੰਘ ਵੱਲੋ ਗੁਰਦੁਆਰਾ ਪ੍ਰਭ ਮਿਲਣੈ ਕਾ ਚਾਓ ਮੋਗਾ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੁਆਰਾ ਆਪਣੇ ਜੀਵਨ ਬਾਰੇ ਗਿਆਨ ਪਰਾਪਤ ਕਰਕੇ ਕਿਸ ਤਰਾਂ ਨਾਲ ਰਹਿਤ ਮਰਿਆਦਾ ਅਨੁਸਾਰ ਇਸ ਸੰਸਾਰ ਵਿੱਚ ਰਹਿਣਾ ਚਾਹੀਦਾ ਹੈ ਜੀਵਨ ਸਾਥੀ ਕਿਹੋ ਜਿਹਾ ਹੋਣਾ ਚਾਹੀਦਾ ਦੇ ਅਨੁਸਾਰ ਅੱਪਣਾ ਵਿਆਹ ਪਿੰਡ ਤੇਜਾ ਵੀਹਲਾ ਗੁਰਮੁਖਿ ਅਰਸ਼ਦੀਪ ਕੌਰ ਪੁਤਰੀ ਅਮਰੀਕ ਸਿੰਘ ਨਾਲ ਵਿਆਹ ਕਰਵਾ ਕੇ ਇੱਕ ਨਿਵੇਕਲਾ ਸੰਦੇਸ਼ ਦਿੱਤਾ

ਵਿਆਹ ਸਮਾਗਮ ਦੌਰਾਨ ਗੁਰਦੁਆਰਾ ਪ੍ਰਭ ਮਿਲਣੈ ਕਾ ਚਾਓ ਮੋਗਾ ਦੇ ਮੁੱਖੀ ਭਾਈ ਦਲਬੀਰ ਸਿੰਘ ਤਰਮਾਲਾ ਵੱਲੋ ਵਿਆਹ ਵਾਲ਼ੇ ਗੁਰਸਿੱਖ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ ਗਿਆ।

# ਜਿਲਾ ਪ੍ਰਸ਼ਾਸਨ ਵਲੋਂ ਲੋਕਹਿੱਤ ਲਈ ਸਰਕਾਰੀ ਫੀਸ ਤਹਿਤ ਕੰਮ ਕਰਵਾਉਣ ਲਈ ਵਿੱਢੀ ਮੁਹਿੰਮ ਹੋਈ ਕਾਮਯਾਬ

**ਗੁਰਦਾਸਪੁਰ/ਨਵਨੀਤ ਕੁਮਾਰ**

ਪੰਜਾਬ ਸਰਕਾਰ ਵਲੋ ਦਿੱਤੀਆਂ ਗਈਆਂ ਹਦਾਇਤਾਂ ਤਹਿਤ ਲੋਕਹਿੱਤ ਨੂੰ ਮੁੱਖ ਰੱਖਦਿਆਂ ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤਹਿਸੀਲ ਦਫਤਰਾਂ ਵਿਚ ਵੱਖ-ਵੱਖ ਦਸਤਾਵੇਜ਼ ਨੂੰ ਲਿਖਣ ਲਈ ਨਿਰਧਾਰਤ ਕੀਤੀ ਸਰਕਾਰੀ ਫੀਸ ਤਹਿਤ ਕੰਮ ਕਰਵਾਉਣ ਦੀ ਵਿੱਢੀ ਗਈ ਮੁਹਿੰਮ ਕਾਮਯਾਬ ਹੋਈ ਹੈ ਤੇ ਇਸ ਉਪਰਾਲੇ ਦੇ ਚੰਗੇ ਨਤੀਜੇ ਵੇਖਣ ਨੂੰ ਮਿਲੇ ਹਨ। ਤਹਿਸੀਲਾਂ ਵਿਚ ਕੰਮ ਕਰਵਾਉਣ ਆਉਂਦੇ ਲੋਕਾਂ ਕੋਲੋਂ ਉੱਚ ਅਧਿਕਾਰੀਆਂ ਵਲੋਂ ਲਈ ਜਾ ਰਹੀ ਫੀਡਬੈਕ ਤਹਿਤ ਪਿਆਰਾ ਸਿੰਘ ਵਾਸੀ ਦੀਨਾਨਗਰ ਨੇ ਦੱਸਿਆ ਕਿ ਉਸਨੇ ਤਹਿਸੀਲ ਦੀਨਾਨਗਰ ਤੋਂ ਪੈਲੀ ਦੀ ਰਜਿਸਟਰੀ ਕਰਵਾਈ ਸੀ ਤੇ ਸਰਕਾਰੀ ਰੇਟ ਅਨੁਸਾਰ ਕੰਮ ਹੋਣ ਤੇ ਉਸਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਤਹਿਸੀਲ ਵਿਚ ਮਾਲ ਵਿਭਾਗ ਦੇ ਅਧਿਕਾਰੀਆ ਵਲੋ ਪਹਿਲ ਦੇ ਆਧਾਰ ਤੇ ਲੋਕਾਂ ਦੇ ਕੰਮ ਕੀਤੇ ਜਾ ਰਹੇ ਹਨ, ਜੋ ਕਿ ਤਸੱਲੀ ਵਾਲੀ ਗੱਲ ਹੈ। ਧਾਰੀਵਾਲ ਦੇ ਸ਼ੁਸੀਲ ਕੁਮਾਰ ਨੇ ਦੱਸਿਆ ਕਿ ਉਸਨੇ ਪਰਾਪਰਟੀ ਟਰਾਂਸਫਰ ਦਾ ਕੰਮ ਕਰਵਾਇਆ ਤੇ ਉਸਨੂੰ ਕੋਈ ਪਰੇਸ਼ਾਨੀ ਨਹੀਂ ਹੋਈ ਤੇ ਨਿਰਧਾਰਿਤ ਸਰਕਾਰੀ ਫੀਸ ਵਿਚ ਕੰਮ ਹੋਣ ਤੇ ਉਸਨੇ ਪੰਜਾਬ ਸਰਕਾਰ ਤੇ ਪਰਸਾਸਨ ਦਾ ਧੰਨਵਾਦ ਕੀਤਾ। ਆਪਣੀ ਜਮੀਨ ਦੀ ਰਜਿਸਟਰੀ ਕਰਵਾਉਣ ਵਾਲੀ ਮਨਦੀਪ ਕੇਰ ਨੇ ਦੱਸਿਆ ਕਿ ਉਸਨੂੰ ਕਾਹਨੂੰਵਾਨ ਤਹਿਸੀਲ ਦਫਤਰ ਵਿਚ ਕੋਈ ਮੁਸ਼ਕਿਲ ਨਹੀ ਆਈ ਤੇ ਕੋਈ ਓਵਰ ਚਾਰਜ ਨਹੀਂ ਕੀਤਾ ਗਿਆ।ਇਸੇ ਤਰ੍ਹਾਂ ਬਟਾਲਾ ਤੋਂ ਬਲਵਿੰਦਰ ਸਿੰਘ ਨੇ ਰਜਿਸਟਰੀ ਤੇ ਡੇਰਾ ਬਾਬਾ ਨਾਨਕ ਤਹਿਸੀਲ ਤੋ ਜਮੀਨ ਦਾ ਤਬਾਦਲਾ ਕਰਵਾਉਣ ਵਾਲੇ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਤਹਿਸੀਲਾਂ ਵਿਚ ਲੋਕਾਂ ਨੂੰ ਸਰਕਾਰ ਦੀਆਂ ਹਦਾਇਤਾਂ ਤੇ ਜਿਲਾ ਪਰਸ਼ਾਸਨ ਵਲੋ ਉਠਾਏ ਗਏ ਕਦਮਾਂ ਨਾਲ ਬਹੁਤ ਰਾਹਤ ਮਿਲੀ ਹੈ ਤੇ ਲੋਕਾਂ ਦੇ ਕੰਮ ਬਿਨਾਂ ਦੇਰੀ ਅਤੇ ਨਿਰਧਾਰਿਤ ਸਰਕਾਰੀ ਫੀਸਾਂ ਤਹਿਤ ਹੋ ਰਹੇ ਹਨ।

ਇਸ ਮੌਕੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਜਨਾਬ ਮੁਹੰਮਦ ਇਸ਼ਫਾਕ ਨੇ ਗੱਲ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਮਾਲ ਵਿਭਾਗ ਵਲੋਂ ਲੋਕਹਿੱਤ ਨੂੰ ਮੁੱਖ ਰੱਖਦਿਆਂ ਵੱਖ-ਵੱਖ ਦਸਤਾਵੇਜ਼ਾਂ ਨੂੰ ਲਿਖਣ ਲਈ ਫੀਸਾਂ ਨਿਰਧਾਰਤ ਕੀਤੀਆਂ ਗਈਆਂ ਹਨ, ਜਿਸ ਨੂੰ ਅਮਲੀ ਜਾਮਾ ਪਹਿਨਾਉਣ ਦੇ ਮੰਤਵ ਨਾਲ ਤਹਿਸੀਲਾਂ ਵਿਚੋ ਕੰਮ ਕਰਵਾ ਕੇ ਗਏ ਲੋਕਾਂ ਕੋਲੋ ਫੋਨ ਕਰਕੇ ਉੱਚ ਅਧਿਕਾਰੀਆਂ ਜਿਵੇ ਏਡੀਸੀ (ਜ), ਐਸਡੀਐਮ, ਜਿਲਾ ਮਾਲ ਅਫਸਰ ਸਮੇਤ ਹੋਰਨਾ ਅਧਿਕਾਰੀਆਂ ਵਲੋ ਜਾਣਕਾਰੀ ਲਈ ਜਾਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਜਾਰੀ ਹਦਾਇਤਾਂ ਤਹਿਤ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਦੌਰਾਨ ਕੋਈ ਮੁਸ਼ਕਿਲ ਨਾ ਆਵੇ, ਉਸਨੂੰ ਯਕੀਨੀ ਬਣਾਉਣ ਲਈ ਇਹ ਉਪਰਾਲਾ ਵਿੱਢਿਆ ਗਿਆ ਹੈ। ਉਨਾ ਤਸੱਲੀ ਪ੍ਰਗਟਾਈ ਕਿ ਜਿਲਾ ਪ੍ਰਸ਼ਾਸਨ ਸਮੇਤ ਮਾਲ ਵਿਭਾਗ ਇਕ ਟੀਮ ਵਜੋ ਲੋਕਹਿਤ ਲਈ ਕੰਮ ਕਰਨ ਲਈ ਵਚਨਬੱਧ ਹੈ।

ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵਸੀਕਾ ਨਵੀਸਾਂ ਕੋਲੋ ਨਿਰਧਾਰਤ ਫੀਸ ਅਨੁਸਾਰ ਹੀ ਕੰਮ ਕਰਵਾਉਣ ਅਤੇ ਜੇਕਰ ਕੋਈ ਵਸੀਕਾ ਨਵੀਸ ਓਵਰ ਚਾਰਜ ਕਰਦਾ ਹੈ, ਤਾਂ ਉਸਦੀ ਸ਼ਿਕਾਇਤ ਵਟਸਐਪ ਨੰਬਰ 62393-01830, ਫੋਨ ਕਾਲ ਕਰਨ ਲਈ 94640-67839 ਨੰਬਰ ਤੇ ਈਮੇਲ ceabranchgsp@gmail.com ਰਾਹੀਂ ਵੀ ਸ਼ਿਕਾਇਤ ਕੀਤੀ ਜਾ ਸਕਦੀ ਹੈ। ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਜਿਲਾ ਪ੍ਰਸ਼ਾਸਨ ਵਲੋਂ ਲੋਕਾਂ ਨੂੰ ਸਮਾਂਬੱਧ ਤੇ ਸੁਚਾਰੂ ਢੰਗ ਨਾਲ ਸੇਵਾਵਾਂ ਦੇਣ ਲਈ ਵਚਨਬੱਧ ਹੈ ਅਤੇ ਲੋਕਾਂ ਦੇ ਕੰਮ ਦੇ ਪਹਿਲ ਦੇ ਆਧਾਰ ਤੇ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ। ਦੱਸਣਯੋਗ ਹੈ ਕਿ 1, 4,5,6 ਅਪਰੈਲ ਨੂੰ ਕਰਮਵਾਰ 98,205,149,188 ਰਜਿਸਟਰੀਆਂ ਆਦਿ ਦੇ ਕੰਮ ਹੋਏ ਸਨ ਅਤੇ ਇਨਾ ਵਿਚੋ ਕਰੀਬ ਪੰਜ ਫੀਸਦ ਲੋਕਾਂ ਨੂੰ ਰੈਡਮਵਾਈਜ ਫੋਨ ਕਰਕੇ ਫੀਡਬੈਕ ਲਈ ਸੀ ਕਿ ਉਨ੍ਹਾਂ ਨੂੰ ਕੰਮ ਕਰਵਾਉਣ ਵਿੱਚ ਕੋਈ ਮੁਸ਼ਕਿਲ ਜਾਂ ਕੋਈ ਓਵਰ ਚਾਰਜ ਤਾਂ ਨਹੀ ਕੀਤਾ ਗਿਆ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਸ਼ੁਰੂਆਤੀ ਦਿਨਾ ਵਿਚ ਕਾਹਨੂੰਵਾਨ ਤੇ ਫਤਹਿਗੜ੍ਹ ਚੂੜੀਆਂ ਤੋ ਵਸੀਕਾ ਨਵੀਸ ਵਲੋ ਓਵਰ ਚਾਰਜ ਕਰਨ ਦੀ ਸ਼ਿਕਾਇਤ ਮਿਲੀ ਸੀ। ਭਾਵੇਂ ਕਿ ਉਪਰੋਕਤ ਦੋਨੇ ਵਸੀਕਾ ਨਵੀਸਾ ਵਲੋ ਵਾਧੂ ਲਏ ਪੈਸੇ ਸ਼ਿਕਾਇਤ ਕਰਤਾ ਨੂੰ ਵਾਪਸ ਕਰ ਦਿੱਤੇ ਗਏ ਸਨ ਪਰ ਉਨ੍ਹਾਂ ਨੂੰ ਸਬੰਧਤ ਅਥਾਰਟੀ ਵਲੋ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ।

# ਪਿੰਡ ਕਾਬਲਵਾਲਾ ਦੇ ਸਰਕਾਰੀ ਖਰੀਦ ਕੇਂਦਰ ਚ ਕਣਕ ਦੀ ਸਰਕਾਰੀ ਖਰੀਦ ਪਿੰਡ ਦੇ ਮੋਹਤਬਰ ਵਿਅਕਤੀਆਂ ਨੇ ਸ਼ੁਰੂ ਕਰਵਾਈ



**ਫ਼ਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ**

ਪੰਜਾਬ ਸਰਕਾਰ ਵੱਲੋਂ ਪਹਿਲੀ ਅਪਰੈਲ ਤੋਂ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਕਰਨ ਦੇ ਆਦੇਸ਼ ਦਿੱਤੇ ਗਏ ਸਨ ਇਸ ਐਲਾਨ ਤੋਂ ਬਾਅਦ ਕਿਸਾਨਾਂ ਨੇ ਤਸੱਲੀ ਜ਼ਾਹਰ ਕਰਦਿਆਂ ਆਪਣੀ ਕਣਕ ਦੀ ਫਸਲ ਦੀ ਕਟਾਈ ਸ਼ੁਰੂ ਕਰ ਦਿੱਤੀ ਹੈ ਖਰੀਦ ਕੇਂਦਰ ਪਿੰਡ ਕਾਬਲਵਾਲਾ ਮੰਡੀ ਵਿੱਚ ਕਣਕ ਦੀ ਆਮਦ ਸ਼ੁਰੂ ਹੋ ਚੁੱਕੀ ਹੈ ਜੋ ਕਿ ਪੰਜਾਬ ਸਰਕਾਰ ਵੱਲੋਂ ਕਣਕ ਦਾ ਸਰਕਾਰੀ ਰੇਟ ਸਮਰਥਨ ਮੁੱਲ 2015 ਰੁਪਏ ਪ੍ਰਤੀ ਕੁਇੰਟਲ ਹੈ ਇਸ ਦੇ ਮੁਤਾਬਕ ਅੱਜ ਕਾਬਲਵਾਲਾ ਦਾਣਾ ਮੰਡੀ ਵਿਖੇ ਕਣਕ ਦੀ ਸਰਕਾਰੀ ਖਰੀਦ ਪਿੰਡ ਦੇ ਮੋਹਤਬਰ ਵਿਅਕਤੀਆਂ ਅਤੇ ਆਮ ਪਾਰਟੀ ਅਤੇ ਇੰਸਪੈਕਟਰ ਤੇ ਆਡ੍ਹਤੀਆਂ ਦੇ ਸਹਿਯੋਗ ਨਾਲ ਸਰਕਾਰੀ ਖਰੀਦ ਸ਼ੁਰੂ ਕਰਵਾਈ ਗਈ ਇਸ ਮੌਕੇ ਸਰਕਾਰੀ ਅਧਿਕਾਰੀਆਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿਸਾਨ ਆਪਣੀ ਫਸਲ ਸੁੱਕੀ ਅਤੇ ਸਾਫ ਸੁਥਰੀ ਲਿਆਉਣ ਤਾਂ ਜੋ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਵਿੱਚ ਕੋਈ ਦਿੱਕਤ ਨਾ ਆ ਸਕੇ ਉਨ੍ਹਾਂ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਜੋ ਵੀ ਮੰਡੀ ਵਿੱਚ ਬਾਰਦਾਨਾ ਛਾਂ ਪੀਣ ਲਈ ਪਾਣੀ ਅਤੇ ਹੋਰ ਵੀ ਪੁਖਤਾ ਪ੍ਰਬੰਧ ਪੂਰੇ ਹਨ ਕਿਸੇ ਵੀ ਤਰ੍ਹਾਂ ਦੀ ਕੋਈ ਦਿੱਕਤ ਨਹੀਂ ਹੈ ਅਤੇ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ ਇਸ ਮੌਕੇ ਜਸਵੀਰ ਸਿੰਘ ਬਰਾੜ ,ਗੁਰਪ੍ਰੀਤ ਸਿੰਘ, ਹਰਨੇਕ ਸਿੰਘ, ਆਮ ਆਦਮੀ ਪਾਰਟੀ ਦੇ ਵਰਕਰ ਅਤੇ ਗੁਰਸ਼ਰਨ ਸਿੰਘ ਇੰਸਪੈਕਟਰ,ਆੜ੍ਹਤੀਏ ਅਤੇ ਕਿਸਾਨ ਭਰਾ ਅਤੇ ਹੋਰ ਵੀ ਮੋਹਤਬਰ ਵਿਅਕਤੀ ਹਾਜ਼ਰ ਸਨ।

# ਬੇਰੋਜਗਾਰ ਨੌਜਵਾਨ ਲੜਕੀਆਂ ਅਤੇ ਅਪਾਹਜ ਉਮੀਦਵਾਰਾਂ ਲਈ ਮੁਫਤ ਕਿੱਤਾ ਮੁੱਖ ਕੋਰਸ ਕਰਵਾਏ ਜਾ ਰਹੇ ਹਨ

**ਗੁਰਦਾਸਪੁਰ/ਨਵਨੀਤ ਕੁਮਾਰ**

ਪੰਜਾਬ ਵਿੱਚ ਬੇਰੋਜਗਾਰੀ ਨੂੰ ਘਟਾਉਣ ਲਈ ਪੰਜਾਬ ਹੁਨਰ ਵਿਕਾਸ਼ ਮਿਸ਼ਨ ਵੱਲੋ ਬੇਰੋਜਗਾਰ ਨੌਜਵਾਨ ਲੜਕੀਆਂ ਅਤੇ ਅਪਾਹਜ ਉਮੀਦਵਾਰਾਂ ਲਈ ਮੁਫਤ ਕਿੱਤਾ ਮੁੱਖ ਕੋਰਸ ਕਰਵਾਏ ਜਾ ਰਹੇ ਹਨ ।

ਇਸ ਸਬੰਧੀ ਜਾਣਕਾਰੀ ਦਿੰਦਿਆ ਵਧੀਕ ਡਿਪਟੀ ਕਮਿਸਨਰ (ਜ) ਰਾਹੁਲ ਵੱਲੋ ਦੱਸਿਆ ਕਿ ਕਿ ਮਾਈਕਰੋਸਾਫਟ ਕੰਪਨੀ ਅਤੇ ਐਸ ਐਸ ਡੀ ਸੀਵੱਲੋ ਪੰਜਾਬ ਭਰ ਵਿੱਚ 10000 ਔਰਤਾਂ ਨੂੰ ਉਨ੍ਹਾਂ ਸਸਕਤੀਕਰਨ ਤੇ ਮਹਿਲਾ ਕਰਮਚਾਰੀਆਂ ਨੂੰ ਵਧਾਉਣ ਲਈ ਸਾਂਝੇਦਾਰੀ ਕੀਤੀ ਗਈ ਹੈ । ਇਹ ਸਾਝੇਦਾਰੀ ਔਰਤਾਂ ਨੂੰ ਡਿਜੀਟਲ ਆਰਵਿਵਸਥਾ ਵਿੱਚ ਪ੍ਰਫੁਲਤ ਹੋਣ ਲਈ ਲੋੜੀਦੇ ਹੁਨਰ ਨਾਲ ਲੈਸ ਕਰਕੇ ਔਰਤ ਵਰਗ ਦੇ ਕਰਮਚਾਰੀਆਂ ਦੀ ਭਾਗੀਦਾਰੀ ਵਧਾਉਣ ਤੇ ਕੇਦਰਤ ਹੈ ।

ਉਨ੍ਹਾਂ ਦੱਸਿਆਂ ਕਿ ਇਸ ਲੜੀ ਦੇ ਤਹਿਤ ਪੰਜਾਬ ਹੁਨਰ ਵਿਕਾਸ ਦੁਆਰਾ ਔਰਤ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ 70 ਘੰਟੇ ਦਾ ਕੋਰਸ ਕਰਵਾਇਆ ਜਾਵੇਗਾ ਇਹ ਕੋਰਸ ਚਾਰ ਖੇਤਰ ਵਿੱਚ ਫੋਕਸ ਰਹੇਗਾ । ਪਹਿਲਾ ਡਿਜੀਟਲ ਉਤਪਾਦਕਤਾ , ਦੂਸਰਾ ਅੰਗਰੇਜੀ , ਤੀਸਰਾ ਰੁਜਗਾਰ ਅਤੇ ਚੌਥਾ ਉਦਮੱਤਾ । ਇਸ ਕੋਰਸ ਨੂੰ ਕਰਨ ਲਈ ਲੜਕੀਆਂ ਦੀ ਉਮਰ 18 ਤੋ 30 ਸਾਲ ਅਤੇ ਘੱਟ ਤੋ ਘੱਟ ਅੱਠਵੀ ਪਾਸ ਹੋਣੀ ਚਾਹੀਦੀ ਹੈ । ਇਸ ਲਈ ਸਿਖਲਾਈ ਸੈਸ਼ਨ ਮਾਈਕਰੋਸਾਫਟ ਕੰਪਨੀ ਟ੍ਰੇਨਿੰਗ ( ਐਮ ਸੀ ਟੀ ) ਪਲੇਟਫਾਰਮ ਦੁਆਰਾ ਆਨਲਾਈਨ ਪ੍ਰਦਾਨ ਕੀਤੀ ਜਾਵੇਗੀ ਮਾਈਕਰੋਸਾਫਟ ਐਨ ਐਸ ਡੀ ਸੀ ਕੋਰਸ ਪੂਰਾ



ਹੋਣ ਤੋ ਬਾਅਦ ਭਾਗੀਦਾਰਾ ਨੂੰ ਇੱਕ ਸੰਯੁਕਤ ਈ-ਸਰਟੀਫਿਕੇਸ ਪ੍ਰਦਾਨ ਕਰਨਗੇ । ਉਨ੍ਹਾਂ ਦੱਸਿਆਂ ਕਿ ਇਸ ਕੋਰਸ ਵਿੱਚ ਰਜਿਸਟਰ ਹੋਣ ਲਈ ਪੰਜਾਬ ਹੁਨਰ ਵਿਕਾਸ ਮਿਸ਼ਨਗੁਰਦਾਸਪੁਰ ਦੇ ਫੇਸਬੁੱਕ ਪੇਜ ਪੀ ਐਸ ਡੀ ਐਸ ਗੁਰਦਾਸਪੁਰ ਜਾਂ ਦਿੱਤੇ ਹੋਏ ਲਿੰਕ ਦੁਆਰਾ ਕੀਤੀ ਜਾਂ ਦਿੱਤੇ ਹੋਏ ਲਿੰਕ ਦੁਆਰਾ ਕੀਤਾ ਜਾ ਸਕਦਾ ਹੈ। ਐਚ ਐਚ ਪੀ hHPs//rebrand/PSBYB ਤੋ ਹੋਰ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਜਿਲ੍ਹਾ ਰੁਜਗਾਰ ਤੇ ਕਾਰੋਬਾਰ ਦਫਤਰ ਦੇ ਕਮਰਾਂ ਨੰਬਰ217 ਤੋ ਚਾਂਦ ਸਿੰਘ 95016-00194 ਅਤੇ ਸਵਰਾਜ ਸਿੰਘ 9888394669ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਟਰਾਸਫਾਰਮਰਾ ਨੇੜਿਓਂ ਕਿਸਾਨ ਕਣਕ ਵਡਵਾ ਲੈਣ - ਇੰਜ.ਆਤਮਾ ਰਾਮ



**ਬੰਗਾ/ਲੋਕ ਬਾਣੀ**

ਪਾਵਰਕਾਮ ਉਪ ਮੰਡਲ ਦਫਤਰ ਬੰਗਾ ਦੇ ਕਾਰਜਕਾਰੀ ਇੰਜਨੀਅਰ ਆਤਮਾ ਰਾਮ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਜਿਸ ਕਿਸੇ ਵੀ ਕਿਸਾਨ ਦੇ ਖੇਤਾਂ ਵਿਚ ਟਰਾਂਸਫਾਰਮਰ ਜਾਂ ਜੀ ਓ ਸਵਿੱਚ ਲੱਗੇ ਹਨ ਜੇਕਰ ਟਰਾਂਸਫਾਰਮਰ ਵਿੱਚੋਂ ਕੋਈ ਵੀ ਚੰਗਿਆੜ ੀ ਨਿਕਲਦੀ ਹੈ ਤਾਂ ਸਾਨੂੰ ਦਫ਼ਤਰ ਵਿੱਚ ਜਾਂ ਜੇ ਈ ਸਾਹਿਬ ਨੂੰ ਨੋਟ ਕਰਵਾਓ ਤਾਂ ਜੋ ਉਸ ਨੂੰ ਠੀਕ ਕਰਵਾਇਆ ਜਾ ਫਿਰ ਵੀ ਕਿਸਾਨ ਟਰਾਂਸਫਰ ਜਾਂ ਜੀ ਓ ਸਵਿੱਚ ਕੋਲ ਦੇ ਹੇਠੋਂ ਕਣਕ ਨੂੰ ਵੱਢ ਕੇ ਉੱਥੇ ਸਫ਼ਾਈ ਰੱਖੀ ਜਾਵੇ ਤਾਂ ਕਿ ਕਿਸੇ ਵੀ ਕਿਸਾਨ ਨੂੰ ਕਿਸ ਕਿਸਮ ਦਾ ਨੁਕਸਾਨ ਨਾ ਹੋਵੇ ਅਤੇ ਕਿਹਾ ਕਿ ਜੋ ਲੋਕੀ ਬੀੜੀ ਜਾਂ ਸਿਗਰਟ ਪੀਦੇ ਹਨ ਉਨ੍ਹਾਂ ਨੂੰ ਬੇਨਤੀ ਹੈ ਕਿ ਉਹ ਸੜਕ ਕਿਨਾਰੇ ਖੇਤਾਂ ਵਿੱਚ ਸੁੱਕ ਚੁੱਕੀ ਕਣਕ ਦੀ ਫਸਲ ਵੱਲ ਨਾ ਸੁੱਟਣ ਜਿਸ ਨਾਲ ਕਿਸੇ ਦਾ ਜਾਨੀ ਮਾਲੀ ਨੁਕਸਾਨ ਨਾ ਹੋਵੇ।

# ਕਮਿਸ਼ਨਰੇਟ ਪੁਲਿਸ ਨੇ ਆਯੁਰਵੇਦ ਕਲੀਨਿਕ ’ਤੇ ਨਕਲੀ 54 ਟੀਮ ਵੱਲੋਂ ਲੁੱਟ ਦਾ ਪਰਦਾਫਾਸ਼, ਔਰਤ ਸਮੇਤ ਪੰਜ ਗ੍ਰਿਫਤਾਰ

## ਦੋ ਕਾਰਾਂ, ਇਨਫੋਰਸਮੈਂਟ ਡਾਇਰੈਕਟੋਰੇਟ ਦੀ ਜਾਅਲੀ ਆਈਡੀ ਅਤੇ 55000 ਰੁਪਏ ਜ਼ਬਤ ਕਰੋ

**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਕਮਿਸ਼ਨਰ ਪੁਲਿਸ ਨੇ ਸ਼ੁੱਕਰਵਾਰ ਨੂੰ ਆਯੁਰਵੇਦ ਯੋਗ ਫਾਰਮੇਸੀ ਸਾਹਨੇਵਾਲ ਵਿਖੇ ਲੁੱਟ ਦੀ ਵਾਰਦਾਤ ਦਾ ਪਰਦਾਫਾਸ਼ ਕਰਦਿਆਂ ਸੈਂਟਰ ਦੀ ਸਾਬਕਾ ਕਰਮਚਾਰੀ ਔਰਤ ਸਮੇਤ ਪੰਜ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਦੋ ਕਾਰਾਂ, ਇਨਫੋਰਸਮੈਂਟ ਡਾਇਰੈਕਟੋਰੇਟ ਦੇ ਜਾਅਲੀ ਆਈਡੀ ਕਾਰਡ ਅਤੇ 55000 ਰੁਪਏ ਦੀ ਨਕਦੀ ਬਰਾਮਦ ਕੀਤੀ ਹੈ। ਮੁਲਜ਼ਮਾਂ ਦੀ ਪਛਾਣ ਰਾਮਪੁਰ ਵਾਸੀ ਅਮਨਪ੍ਰੀਤ ਕੌਰ (35) ਜੋ ਕਿ ਆਯੁਰਵੈਦ ਯੋਗ ਫਾਰਮੇਸੀ ਦੀ ਸਾਬਕਾ ਮੁਲਾਜ਼ਮ ਸੀ, ਉਸ ਦੇ ਜਾਣਕਾਰ ਕੁਲਵਿੰਦਰ ਸਿੰਘ (44) ਵਾਸੀ ਅਮਨ ਨਗਰ, ਅਮਨਦੀਪ ਸਿੰਘ (38) ਪਿੰਡ ਕੋਲਾਂ ਵਜੋਂ ਹੋਈ ਹੈ। ਮਲੇਰਕੋਟਲਾ, ਗੁਰਦੀਪ ਸਿੰਘ (28) ਵਾਸੀ ਜੋਧਪੁਰ, ਬਰਨਾਲਾ ਅਤੇ ਦਵਿੰਦਰ ਸਿੰਘ (38) ਵਾਸੀ ਅਸ਼ੋਕ ਨਗਰ, ਲੁਧਿਆਣਾ ਸ਼ਾਮਲ ਹਨ। ਬਰਖਾਸਤ ਸਿਪਾਹੀ ਨਵਜੋਤ ਸਿੰਘ ਵਾਸੀ ਬਲਾਲਾ, ਸਮਰਾਲਾ ਸਮੇਤ ਚਾਰ ਮੁਲਜ਼ਮ ਫ਼ਰਾਰ ਹਨ, ਜਿਨ੍ਹਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਹੋਰ ਵੇਰਵਿਆਂ ਦਾ ਪ੍ਰਗਟਾਵਾ ਕਰਦਿਆਂ ਪੁਲਿਸ ਕਮਿਸ਼ਨਰ (ਸੀ.ਪੀ.) ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਹਰਭਜਨ ਸਿੰਘ ਯੋਗਾਚਾਰੀਆ ਦੇ ਬਿਆਨਾਂ @ਤੇ ਅਣਪਛਾਤੇ ਮੁਲਜ਼ਮਾਂ ਵਿਰੁੱਧ ਭਾਰਤੀ ਦੰਡਾਵਲੀ ਦੀ ਧਾਰਾ 420 (ਧੋਖਾਧੜੀ) ਅਤੇ 380 (ਰਹਿਣ ਵਾਲੇ ਘਰ ਵਿੱਚ ਚੋਰੀ) ਦੇ ਤਹਿਤ ਐਫਆਈਆਰ ਦਰਜ ਕੀਤੀ ਗਈ ਹੈ। ਨੇ ਕਿਹਾ ਕਿ ਇਨਫੋਰਸਮੈਂਟ



ਡਾਇਰੈਕਟੋਰੇਟ (ਈ.ਡੀ.) ਦੇ ਅਧਿਕਾਰੀਆਂ ਵਜੋਂ ਪੇਸ਼ ਕੀਤੇ ਬਦਮਾਸ਼ਾਂ ਦੇ ਇੱਕ ਗਿਰੋਹ ਨੇ 11 ਮਾਰਚ, 2022 ਨੂੰ ਉਸਦੇ ਕੇਂਦਰ @ਤੇ ਛਾਪਾ ਮਾਰਿਆ ਸੀ ਅਤੇ 7 ਲੱਖ ਰੁਪਏ ਲੈ ਕੇ ਫ਼ਰਾਰ ਹੋ ਗਏ ਸਨ। ਹਰਭਜਨ ਨੇ ਅੱਗੇ ਸ਼ਿਕਾਇਤ ਕੀਤੀ ਕਿ ਪੁਲਿਸ ਦੀ ਵਰਦੀ ਪਹਿਨੇ ਇੱਕ ਵਿਅਕਤੀ ਸਮੇਤ ਅਣਪਛਾਤੇ ਵਿਅਕਤੀਆਂ ਨੇ ਦਰਵਾਜ਼ਾ ਖੜਕਾਇਆ। ਅਤੇ ਆਪਣੇ ਆਪ ਨੂੰ ਈਡੀ ਦੇ ਅਧਿਕਾਰੀ ਵਜੋਂ ਪੇਸ਼ ਕੀਤਾ। ਮੁਲਜ਼ਮ ਨੇ ਦਾਅਵਾ ਕੀਤਾ ਕਿ ਉਸ ਨੇ ਕੇਂਦਰ ਵਿੱਚ ਬੇਹਿਸਾਬੀ ਪੈਸੇ ਛੁਪਾਏ ਹੋਏ ਸਨ ਅਤੇ ਉਹ ਜਾਂਚ ਕਰਨਾ ਚਾਹੁੰਦੇ ਸਨ। ਉਸ ਨੇ ਦੱਸਿਆ ਕਿ ਜਾਂਦੇ ਸਮੇਂ ਮੁਲਜ਼ਮ ਸੈਂਟਰ ਤੋਂ ਨਕਦੀ ਅਤੇ ਡਿਜੀਟਲ ਵੀਡੀਓ ਰਿਕਾਰਡਰ ਲੈ ਗਏ ਸੀਪੀ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਸੀਆਈਏ ਸਟਾਫ਼-1 ਦੀ ਟੀਮ ਸਥਾਨਕ ਪੁਲਿਸ ਸਮੇਤ ਮੌਕੇ @ਤੇ ਪਹੁੰਚੀ ਅਤੇ ਲੁੱਟ ਦੀ ਵਾਰਦਾਤ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਟੀਮ ਨੇ ਪੂਰੀ ਤਰ੍ਹਾਂ ਵਿਗਿਆਨਕ ਅਤੇ ਤਕਨੀਕੀ ਜਾਂਚ ਕਰਕੇ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਭੁੱਲਰ ਨੇ ਦੱਸਿਆ ਕਿ ਮੁਲਜ਼ਮ ਅਮਨਪ੍ਰੀਤ ਕੌਰ ਨੇ ਕੁਲਵਿੰਦਰ ਸਿੰਘ ਨਾਲ ਮਿਲ ਕੇ ਆਯੂਰਵੇਦ ਕੇਂਦਰ ਤੋਂ ਨਕਦੀ ਲੁੱਟਣ ਦੀ ਸਾਜ਼ਿਸ਼ ਰਚੀ ਸੀ, ਜਿਸ ਨੇ ਹੋਰਾਂ ਨਾਲ ਮਿਲ ਕੇ ਸੈਂਟਰ ਵਿੱਚ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਸੀ। ਉਸ ਨੇ ਦੱਸਿਆ ਕਿ ਹਰਭਜਨ ਸਿੰਘ ਯੋਗਾਚਾਰੀਆ ਨੇ ਉਸ ਨੂੰ ਕਈ ਵਾਰ ਪਹਿਲਾਂ ਕੇਂਦਰ ਤੋਂ ਬਾਹਰ ਕੱਢ ਦਿੱਤਾ ਸੀ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਕੁਲਵਿੰਦਰ ਸਿੰਘ, ਅਮਨਦੀਪ ਸਿੰਘੀ ਖ਼ਿਲਾਫ਼ ਚਾਰ ਅਪਰਾਧਿਕ ਕੇਸ ਚੱਲ ਰਹੇ ਸਨ ਅਤੇ ਇਸ ਦੌਰਾਨ ਦਵਿੰਦਰ ਸਿੰਘ ਸੜਕ ਹਾਦਸੇ ਦਾ ਸਾਹਮਣਾ ਕਰ ਰਹੇ ਸਨ ।

ਉਨ੍ਹਾਂ ਦੱਸਿਆ ਕਿ ਪੁਲਿਸ ਇਨ੍ਹਾਂ ਪੰਜਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਉਨ੍ਹਾਂ ਦਾ ਹੋਰ ਰਿਮਾਂਡ ਹਾਸਲ ਕਰੇਗੀ ਤਾਂ ਜੋ ਇਸ ਮਾਮਲੇ ਵਿੱਚ ਹੋਰ ਪੁੱਛਗਿੱਛ ਕੀਤੀ ਜਾ ਸਕੇ ਅਤੇ ਬਾਕੀ ਮੁਲਜ਼ਮਾਂ ਦਾ ਪਤਾ ਲਗਾਇਆ ਜਾ ਸਕੇ।

# ਸਰਕਾਰੀ ਸਕੂਲ ਦੇ ਕਮਰਿਆਂ ਦਾ ਲੈਂਟਰ ਪਾਇਆ ਗਿਆ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾਂ**
ਸਰਕਾਰੀ ਪ੍ਰਾਇਮਰੀ ਸਕੂਲ ਨੰ: 2 ਜੰਡਿਆਲਾ ਗੁਰੂ ਦੀਆਂ ਛੱਤਾਂ ਦਾ ਲੈਂਟਰ ਅੱਜ ਪਾਇਆ ਗਿਆ। ਇਸ ਮੌਕੇ ਤੇ ਲੈਂਟਰ ਪਾਉਣ ਸਮੇਂ ਡਾ ਮੰਗਲ ਸਿੰਘ ਕਿਸ਼ਨਪੁਰੀ ਜਿਨ੍ਹਾਂ ਨੇ ਇਸ ਸਕੂਲ ਦੇ ਕਮਰੇ ਪਾਉਣ ਦਾ ਬੀੜਾ ਚੁੱਕਿਆ ਹੋਇਆ ਸੀ ਮੌਕੇ ਤੇ ਹਾਜ਼ਰ ਹੋਏ ਤੇ ਲੈਂਟਰ ਪਾਉਣ ਵਾਲੇ ਸੇਵਕਾਂ ਨੂੰ ਉਤਸ਼ਾਹ ਕੀਤਾ। ਇਸ ਮੌਕੇ ਤੇ ਸਕੂਲ ਦੇ ਅਧਿਆਪਕ ਸੰਦੀਪ ਸਿੰਘ ਤੇ ਹੋਰ ਅਧਿਆਪਕ, ਪ੍ਰਲਾਦ ਸਿੰਘ ਹਾਜ਼ਰ ਸਨ ।ਅਧਿਆਪਕਾਂ ਨੇ ਡਾ ਮੰਗਲ ਸਿੰਘ ਕਿਸ਼ਨਪੁਰੀ ਦਾ ਧੰਨਵਾਦ ਕੀਤਾ ।

# ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਬੇਟੀ ਬੀਬਾ ਜੈਇੰਦਰ ਕੌਰ ਨੇ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਸਨੌਰੀ ਗੇਟ ਪਟਿਆਲਾ ਦਾ ਕੀਤਾ ਦੌਰਾ

**ਪਟਿਆਲਾ/ਇਕਬਾਲ ਸਿੰਘ:** ਸਾਬਕਾ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੀ ਬੇਟੀ ਨੇ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਸਨੌਰੀ ਗੇਟ ਪਟਿਆਲਾ ਵਿਖੇ ਪਹੁੰਚੇ। ਤੇ ਸਕੂਲ ਵਿਚ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਤੇ ਵੇਖਣ ਨੂੰ ਮਿਲਿਆ ਕਿ ਬੱਚਿਆਂ ਦੁਆਰਾ ਬਹੁਤ ਸੁੰਦਰ ਪੇਟਿੰਗ ਕੀਤੀ ਗਈ ।ਤੇ ਟਾਇਲਾ ਵੀ ਲਗਾਇਆ ਗਈ। ਤੇ ਹੋਰ ਵੀ ਪ੍ਰਬੰਧ ਕੀਤੇ ਗਏ।

# ਜ਼ਿਲੇ ਵਿੱਚ 18 ਅਪ੍ਰੈਲ ਤੋਂ 22 ਅਪ੍ਰੈਲ 2022 ਤੱਕ ਲਗਾਏ ਜਾਣਗੇ ਬਲਾਕ ਪੱਧਰੀ ਸਿਹਤ ਮੈਲੇ

**ਮਲੋਟ/ਗਿਆਨ ਸਾਹਨੀ:-** ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ ਲੋਕਾਂ ਨੂੰ ਬੇਹਤਰ ਸਿਹਤ ਸਹੂਲਤਾਂ ਪ੍ਰਧਾਨ ਕਰਨ ਲਈ ਰਾਜਦੀਪ ਕੌਰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ਼੍ਰੀ ਮੁਕਤਸਰ ਸਾਹਿਬ ਦੀ ਪ੍ਰਧਾਨਗੀ ਹੇਠ ਦਫ਼ਤਰ ਡਿਪਟੀ ਕਮਿਸ਼ਨਰ ਵਿਖੇ ਮੀਟਿੰਗ ਦਾ ਆਯੋਜਨ ਕੀਤਾ ਗਿਆ । ਜਿਸ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਭਾਗ ਲਿਆ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਵਿੱਚ ਬਲਾਕ ਪੱਧਰ ਤੇ 18 ਅਪ੍ਰੈਲ ਤੋਂ 22 ਅਪ੍ਰੈਲ 2022 ਤੱਕ ਸਿਹਤ ਮੇਲੇ ਲਗਾਏ ਜਾਣਗੇ। ਉਹਨਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਇਨ੍ਹਾਂ ਸਿਹਤ ਮੇਲਿਆਂ ਦਾ ਵੱਧ ਤੋਂ ਵੱਧ ਲਾਭ ਉਠਾਉਣ। ਸਿਹਤ ਮੇਲਿਆਂ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਡਾ.ਰੰਜੂ ਸਿੰਗਲਾ ਨੇ ਦੱਸਿਆ ਕਿ 18 ਅਪ੍ਰੈਲ 2022 ਨੂੰ ਸੀ.ਐਚ.ਸੀ. ਦੋਦਾ, 19 ਅਪ੍ਰੈਲ 2022 ਨੂੰ ਸੀ.ਐਚ.ਸੀ. ਚੱਕ ਸ਼ੇਰੇਵਾਲਾ, 21 ਅਪ੍ਰੈਲ 2022 ਨੂੰ ਸੀ.ਐਚ.ਸੀ.ਆਲਮਵਾਲਾ ਅਤੇ 22 ਅਪ੍ਰੈਲ 2022 ਨੂੰ ਸੀ.ਐਚ.ਸੀ. ਲੰਬੀ ਵਿਖੇ ਸਿਹਤ ਮੇਲੇ ਲਗਾਏ ਜਾਣਗੇ। ਉਹਨਾਂ ਅੱਗੇ ਦੱਸਿਆ ਸਿਹਤ ਮੇਲਿਆਂ ਵਿੱਚ ਐਲੋਪੈਥਿਕ, ਆਯੂਰਵੈਦਿਕ ਅਤੇ ਹੋਮਿਓਪੈਥਿਕ ਦੇ ਮਾਹਿਰ ਡਾਕਟਰਾਂ ਵੱਲੋਂ ਮੁਫ਼ਤ ਮੈਡੀਕਲ ਚੈਕਅੱਪ, ਮੁਫ਼ਤ ਲੈਬੋਰੇਟਰੀ ਟੈਸਟ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ। ਉਹਨਾਂ ਵੱਖ-ਵੱਖ ਵਿਭਾਗਾਂ ਦੇ ਮੁੱਖੀਆਂ ਨੂੰ ਅਪੀਲ ਕੀਤੀ ਕਿ ਇਸ ਨੋਬਲ ਕਾਰਜ ਲਈ ਸਿਹਤ ਵਿਭਾਗ ਦਾ ਸਹਿਯੋਗ ਦੇਣ। ਇਸ ਸਮੇਂ ਡਾ. ਕਿਰਨਦੀਪ ਕੌਰ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ, ਡਾ. ਸੁਨੀਲ ਬਾਂਸਲ ਜ਼ਿਲ੍ਹਾ ਟੀਕਾਕਰਣ ਅਫ਼ਸਰ, ਡਾ.ਬੰਦਨਾ ਬਾਂਸਲ ਡਿਪਟੀ ਮੈਡੀਕਲ ਕਮਿਸ਼ਨਰ, ਡਾ.ਸਤੀਸ਼ ਗੋਇਲ, ਡਾ.ਦੀਪਕ ਰਾਏ, ਡਾ.ਕੁਲਤਾਰ ਸਿੰਘ, ਡਾ.ਚੇਤਨ, । ਡਾ.ਅਮਿਤਾ ਜ਼ਿਲ੍ਹਾ ਆਯੁਰਵੈਦਿਕ ਅਫਸਰ, ਡਾ.ਪਰੁਥੀ, ਪਰਮਪਾਲ ਸਿੰਘ ਡਿਪਟੀ ਡੀ.ਈ.ਓ, ਡਾ.ਸ਼ਕਤੀਪਾਲ, ਦੀਪਕ ਡੀ.ਪੀ.ਐਮ. ਸੁਰਿੰਦਰ ਸਿੰਘ, ਰਾਜਵਿੰਦਰ ਸਿੰਘ ਅਤੇ ਵੱਖ- ਵੱਖ ਵਿਭਾਗਾਂ ਦੇ ਅਫ਼ਸਰ ਸਾਹਿਬਾਨ ਹਾਜ਼ਿਰ ਸਨ

# ਜੇਕਰ ਸ਼ੋਸ਼ਲ ਮੀਡੀਆ ਤੇ ਪੋਸਟ ਪਾਉਣ ਵਾਲੇ ਨੂੰ ਜਲਦੀ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਪਠਾਨਕੋਟ 'ਚ ਸ਼ਿਵ ਸੈਨਾ ਕਰੇਗੀ ਪ੍ਰਦਰਸ਼ਨ, ਹਨੀ ਮਹਾਜਨ



**ਦੀਨਾਨਗਰ/ਡਾ.ਰਮੇਸ਼ ਸਰੰਗਲ**
ਪਿਛਲੇ ਦਿਨੀਂ ਪਠਾਨਕੋਟ ਚ ਇੱਕ ਸ਼ੋਭਾ ਯਾਤਰਾ ਦੋਰਾਨ ਇੱਕ ਭਾਈਚਾਰੇ ਵਲੋਂ ਸ਼ਿਵ ਸੈਨਾ ਪਠਾਨਕੋਟ ਦਫਤਰ ਦੇ ਬਾਹਰ 10 ਤੋ 15 ਟਰੈਕਟਰ ਖੜੇ ਕਰਕੇ ਦੇਸ਼ ਵਿਰੋਧੀ ਗਾਣੇ ਵਜਾ ਕੇ ਹਿੰਦੂ ਸਿੱਖਾਂ ਦੀ ਏਕਤਾ ਵਿੱਚ ਦਰਾੜ ਪਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਬਾਅਦ ਵਿੱਚ ਉਨ੍ਹਾਂ ਵਿੱਚੋਂ ਇੱਕ ਵਿਅਕਤੀ ਨੇ ਆਪਣੀ ਫੇਸਬੁੱਕ ਆਈਡੀ @ਤੇ ਪੋਸਟ ਪਾਈ ਹੈ ਤੇ ਸ਼ਿਵ ਸੈਨਾ ਨੂੰ ਉਸ ਪੋਸਟ ਵਿੱਚ ਮੁਹਰਾ ਬਣਾਇਆ ਗਿਆ ਹੈ। , ਸ਼ਿਵ ਸੈਨਾ ਪੰਜਾਬ ਦੀ ਯੁਵਾ ਇਕਾਈ ਦੇ ਇੰਚਾਰਜ ਹਨੀ ਮਹਾਜਨ ਨੇ ਅੱਜ ਦੀਨਾਨਗਰ @ਚ ਇੱਕ ਪ੍ਰੈਸ ਕਾਨਫਰੰਸ ਕੀਤੀ ਅਤੇ ਜ਼ਿਲ੍ਹਾ ਪਠਾਨਕੋਟ ਦੇ ਐਸ.ਐਸ.ਪੀ ਤੋਂ ਮੰਗ ਕੀਤੀ ਹੈ ਕਿ ਜਿਸ ਵਿਅਕਤੀ ਨੇ ਸ਼ਿਵ ਸੈਨਾ ਦੇ ਖਿਲਾਫ ਅਜਿਹੀ ਪੋਸਟ ਪਾਈ ਹੈ ਉਸਨੂੰ ਜਲਦੀ ਤੋਂ ਜਲਦੀ ਫੜ ਕੇ ਜੇਲ੍ਹ ਦੀਆਂ ਸਲਾਖਾਂ ਪਿੱਛੇ ਡੱਕਿਆ ਜਾਵੇ, ਜੇਕਰ ਅਜਿਹਾ ਨਾ ਹੋਇਆ ਤਾਂ ਸੋਮਵਾਰ ਨੂੰ ਪੂਰੇ ਪੰਜਾਬ ਦੇ ਸ਼ਿਵ ਸੈਨਿਕ ਰੋਸ ਪ੍ਰਦਰਸ਼ਨ ਕਰਨਗੇ ਅਤੇ ਪੁਲਿਸ ਵੱਲੋਂ ਕੀਤੀ ਗਈ ਦੇਰੀ ਦੇ ਚਲਦੇ ਪਠਾਨਕੋਟ ਵਿੱਚ ਰੋਸ ਪ੍ਰਦਰਸ਼ਨ ਕਰਨ ਲਈ ਮਜ਼ਬੂਰ ਹੋ ਜਾਵੇਗੀ , ਜਿਸ ਦੀ ਸਾਰੀ ਜ਼ਿੰਮੇਵਾਰੀ ਜ਼ਿਲ੍ਹਾ ਪਠਾਨਕੋਟ ਪ੍ਰਸ਼ਾਸਨ ਦੀ ਹੋਵੇਗੀ।

ਹਨੀ ਮਹਾਜਨ ਨੇ ਕਿਹਾ ਕਿ ਜਦੋਂ ਦੇ ਪੰਜਾਬ @ਚ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਬਣੇ ਹਨ ਉਦੋਂ ਤੋਂ ਲੈ ਕੇ ਹੁਣ ਤੱਕ ਪੰਜਾਬ @ਚ ਲਗਾਤਾਰ 20 ਕਤਲ ਹੋ ਚੁੱਕੇ ਹਨ, ਕਬੱਡੀ ਖਿਡਾਰੀਆਂ ਦੇ ਕਤਲ ਹੋ ਰਹੇ ਹਨ। ਰੋਹਿਤ ਮੈਂਗੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਵੱਡਾ ਫਤਵਾ ਦੇ ਕੇ ਭਗਵੰਤ ਸਿੰਘ ਮਾਨ ਨੂੰ ਮੁੱਖ ਮੰਤਰੀ ਬਣਾਇਆ ਗਿਆ ਹੈ, ਪਰ ਉਹ ਪੰਜਾਬ ਦੇ ਲੋਕਾਂ ਬਾਰੇ ਕੋਈ ਫੈਸਲਾ ਨਹੀਂ ਲੈ ਸਕੇ, ਜਿਸ ਨਾਲ ਪੰਜਾਬ ਦੀ ਅਮਨ-ਕਾਨੂੰਨ ਦੇ ਹਾਲਾਤ ਵਿਗੜ ਰਹੇ ਹਨ , ਇੱਕ ਪਾਸੇ ਤਾਂ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਸਮੂਹ ਐਸ.ਐਸ.ਪੀਜ਼ ਨੂੰ ਹੁਕਮ ਦੇ ਰਹੇ ਹਨ ਕਿ ਪੰਜਾਬ ਵਿੱਚ ਕਿਸੇ ਵੀ ਤਰ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਕੋਈ ਵੀ ਗੀਤ ਨਹੀਂ ਚੱਲੇਗਾ ਪਰ ਸ਼ਿਵ ਸੈਨਾ ਦੇ ਪਠਾਨਕੋਟ ਸਥਿਤ ਦਫ਼ਤਰ ਦੇ ਬਾਹਰ ਸ਼ਰੇਆਮ ਗੀਤ ਲਗਾਏ ਗਏ, ਜਿਸ ਤੋਂ ਸਾਬਤ ਹੁੰਦਾ ਹੈ ਕਿ ਪੰਜਾਬ ਚ ਪ੍ਰਸ਼ਾਸਨ ਦੇ ਹੁਕਮਾਂ ਦੀ ਕੋਈ ਵੀ ਪਾਲਣਾ ਨਹੀਂ ਕਰ ਰਿਹਾ । ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਚ ਇਹੀ ਸਥਿਤੀ ਜਾਰੀ ਰਹੀ ਤਾਂ ਪੰਜਾਬ ਵਿਚ ਫਿਰ ਤੋਂ ਦਹਿਸ਼ਤ ਦਾ ਦੌਰ ਸ਼ੁਰੂ ਹੋ ਜਾਵੇਗਾ, ਇਸ ਲਈ ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਵਿਚ ਦਖਲ ਦੇ ਕੇ ਜਲਦੀ ਤੋਂ ਜਲਦੀ ਭਗਵੰਤ ਸਿੰਘ ਮਾਨ ਨਾਲ ਗੱਲ ਕਰਕੇ ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖੇ । ਇਸ ਮੌਕੇ ਤੇ ਪ੍ਰਧਾਨ ਕਮਲ ਬਿੱਟੂ, ਰਣਜੀਤ ਆਨੰਦ, ਰਵੀ ਕੁਮਾਰ, ਰੋਹਿਤ ਕੁਮਾਰ, ਹਰਦੇਵ ਰਿੰਟੂ, ਸ਼ਿਵਮ ਠਾਕੁਰ ਆਦਿ ਹਾਜ਼ਰ ਸਨ।

# ਰਾਜ ਕੁਮਾਰ ਬਣੇ ਸਫ਼ਾਈ ਸੇਵਕ ਯੂਨੀਅਨ ਮਲੋਟ ਦੇ ਪ੍ਰਧਾਨ



**ਮਲੋਟ/ ਗਿਆਨ ਸਾਹਨੀ:-** ਸਫ਼ਾਈ ਸੇਵਕ ਯੂਨੀਅਨ ਮਲੋਟ ਦੀ ਪ੍ਰਧਾਨਗੀ ਲਈ ਅੱਜ ਵੋਟਾਂ ਪਾਈਆਂ ਗਈਆਂ ਜਿਸ ਦੋਰਾਨ ਰਾਜ ਕੁਮਾਰ ਟਿੱਕਾ ਚੋਣ ਜਿੱਤ ਕੇ ਪ੍ਰਧਾਨ ਬਣ ਗਏ ਹਨ, ਕੁੱਲ 113 ਵੋਟਾਂ ਵਿਚ ਰਾਜ ਕੁਮਾਰ ਨੂੰ 80 ਅਤੇ ਵਿਜੈ ਕੁਮਾਰ ਨੂੰ 33 ਵੋਟਾਂ ਹਾਸਲ ਹੋਇਆ, ਜਿੱਤ ਤੋ ਬਾਅਦ ਸਮੂਹ ਸਫ਼ਾਈ ਸੇਵਕਾਂ ਵਲੋ ਖ਼ੂਸ਼ੀ ਨਾਲ ਇਕੱ ਦੂਜੇ ਤੇ ਰੰਗ ਅਤੇ ਗੂਲਾਲ ਪਾਕੇ ਰਾਜ ਕੁਮਾਰ ਨੂੰ ਵਧਾਈ ਦਿੱਤੀ ਗਈ।

# ਸੜਕ ਹਾਦਸੇ ਵਿੱਚ ਰਿਟਾਇਰ ਕਾਨੂੰਗੋ ਗੁਰਸੇਵਕ ਸਿੰਘ ਦੀ ਮੌਤ

**ਮਲੋਟ/ ਗਿਆਨ ਸਾਹਨੀ**
ਮਿਲੀ ਜਾਣਕਾਰੀ ਅਨੁਸਾਰ ਰਿਟਾਇਰ ਕਾਨੂੰਗੋ ਗੁਰਸੇਵਕ ਸਿੰਘ ਸਵੇਰ ਦੇ ਸਮੇਂ ਆਪਣੇ ਪਿੰਡ ਜੰਡਵਾਲ ਤੋ ਸੈਰ ਤੇ ਨਿਕਲੇ ਸਨ ਕੀ ਮਲੋਟ ਬਠਿੰਡਾ ਰੋਡ ਤੇ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ। ਇਸ ਦੌਰਾਨ ਹਾਦਸੇ ਵਾਲੀ ਜਗ੍ਹਾ ਤੇ ਵਾਹਨ ਦਾ ਬੰਪਰ ਅਤੇ ਨੰਬਰ ਪਲੇਟ ਮੌਕੇ ਤੇ ਡਿੱਗੀ ਦੇਖੀ ਗਈ। ਗੁਰਸੇਵਕ ਸਿੰਘ ਦੀ ਮੌਤ ਤੇ ਪ੍ਰਾਪਟੀ ਡੀਲਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਮਦਾਨ, ਸੋਮ ਕਾਲੜਾ, ਸਤੀਸ਼ ਅਸੀਜਾ, ਵਿਜੈ ਛਾਬੜਾ, ਕੇਵਲ ਗੋਇਲ, ਮੁਕੇਸ਼ ਜੱਗਾ, ਵਿਜੈ ਨਰੂਲਾ, ਦਵਿੰਦਰ ਮਦਾਨ, ਰਕੇਸ਼ ਤਿੰਨਾ, ਗੁਰਮੁੱਖ ਸਿੰਘ, ਪਰਮਿੰਦਰ ਸਿੰਘ ਆਦਿ ਨੇ ਗਹਿਰਾ ਦੁੱਖ ਪ੍ਰਗਟ ਕੀਤਾ।



ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਵਿਧਾਇਕ ਗੋਗੀ ਵੱਲੋਂ ਅੱਜ ਸਿੱਧਵਾਂ ਕਨਾਲ ਵਾਟਰ ਫਰੰਟ ਦਾ ਦੌਰਾ



**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ**

ਹਲਕਾ ਲੁਧਿਆਣਾ ਪੱਛਮੀ ਤੋਂ ਵਿਧਾਇਕ ਸ੍ਰੀ ਗੁਰਪ੍ਰੀਤ ਬੱਸੀ ਗੋਗੀ ਵੱਲੋਂ ਅੱਜ ਨਗਰ ਨਿਗਮ ਦੇ ਜੋਨ-ਡੀ ਦਫ਼ਤਰ ਨੇੜੇ ਸਿੱਧਵਾਂ ਕਨਾਲ ਵਾਟਰ ਫਰੰਟ ਦਾ ਦੌਰਾ ਕੀਤਾ ਜਿੱਥੇ ਉਨ੍ਹਾਂ ਲਈਅਰ ਵੈਲੀ ਵਿੱਚ ਬਿਨ੍ਹਾਂ ਕਿਸੇ ਅਗਾਉਂ ਜਾਣਕਾਰੀ ਦਿੱਤਿਆਂ ਪੀਲਾ ਪੰਜਾ ਚਲਾਏ ਜਾਣ @ਤੇ ਨਾਰਾਜ਼ਗੀ ਪ੍ਰਗਟਾਉਂਦਿਆਂ ਜੰਗਲਾਤ ਵਿਭਾਗ, ਨਗਰ ਨਿਗਮ ਤੇ ਨਗਰ ਸੁਧਾਰ ਟਰੱਸਟ ਦੇ ਅਧਿਕਾਰੀਆਂ ਤੋਂ ਪੁੱਛਗਿੱਛ ਕੀਤੀ। ਜ਼ਿਕਰਯੋਗ ਹੈ ਕਿ ਬੀਤੇ ਦਿਨੀ ਨਗਰ ਨਿਗਮ ਦੇ ਜੋਨ-ਡੀ ਦਫ਼ਤਰ ਨੇੜੇ ਸਿੱਧਵਾਂ ਕਨਾਲ ਵਾਟਰ ਫਰੰਟ ਦੇ ਨਾਲ ਲੱਗਦੀ ਲਈਅਰ ਵੈਲੀ, ਜਿੱਥੇ ਕਿ ਇਲਾਕਾ ਨਿਵਾਸੀਆਂ ਵਲੋਂ ਸਵੇਰੇ-ਸ਼ਾਮ ਸੈਰ ਕੀਤੀ ਜਾਂਦੀ ਹੈ, ਇਲਾਕਾ ਨਿਵਾਸੀਆਂ ਵੱਲੋਂ ਹਲਕਾ ਲੁਧਿਆਣਾ ਪੱਛਮੀ ਤੋਂ ਵਿਧਾਇਕ ਸ੍ਰੀ ਗੁਰਪ੍ਰੀਤ ਬੱਸੀ ਗੋਗੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਲਈਅਰ ਵੈਲੀ ਵਿੱਚ ਲੱਗੇ ਟ੍ਰੀ ਗਾਰਡ ਅਤੇ ਲੋਕਾਂ ਦੇ ਬੈਠਣ ਲਈ ਬਣਾਏ ਗਏ ਥੜ੍ਹੇ ਜੇ.ਸੀ.ਬੀ. ਦੀ ਸਹਾਇਤਾ ਨਾਲ ਤੋੜ ਦਿੱਤੇ ਗਏ ਹਨ। ਵਿਧਾਇਕ ਸ੍ਰੀ ਗੋਗੀ ਵੱਲੋਂ ਫੌਰੀ ਤੌਰ @ਤੇ ਕਾਰਵਾਈ ਕਰਦਿਆਂ ਜੰਗਲਾਤ ਵਿਭਾਗ, ਨਗਰ ਨਿਗਮ ਤੇ ਨਗਰ ਸੁਧਾਰ ਟਰੱਸਟ ਲੁਧਿਆਣਾ ਦੇ ਅਧਿਕਾਰੀਆਂ ਨੂੰ ਮੌਕੇ @ਤੇ ਬੁਲਾਇਆ ਗਿਆ ਅਤੇ ਉਨ੍ਹਾਂ ਕੋਲੋਂ ਇਸ ਸਬੰਧੀ ਸਪਸ਼ਟੀਕਰਣ ਮੰਗਿਆ। ਵਿਧਾਇਕ ਵੱਲੋਂ ਇਸ ਸਬੰਧੀ ਮਿਤੀ 13 ਅਪ੍ਰੈਲ ਦਿਨ ਬੁੱਧਵਾਰ ਨੂੰ ਮੀਟਿੰਗ ਵੀ ਰੱਖੀ ਗਈ ਜਿਸ ਵਿੱਚ ਉਪਰੋਕਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿੱਜੀ ਤੌਰ @ਤੇ ਮੀਟਿੰਗ ਵਿੱਚ ਹਾਜ਼ਰ ਰਹਿਣ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਸਪੱਸ਼ਟ ਕੀਤਾ ਜਿਹੜੇ ਵੀ ਵਿਭਾਗ ਵੱਲੋਂ ਇਸ ਕੰਮ ਵਿੱਚ ਕੋਤਾਹੀ ਵਰਤੀ ਗਈ ਹੈ ਉਨ੍ਹਾਂ ਦੇ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਇਸ ਉਸਾਰੀ @ਤੇ ਖਰਚਿਆ ਗਿਆ ਜਨਤਾ ਦਾ ਪੈਸਾ ਸਬੰਧਤ ਅਧਿਕਾਰੀਆਂ ਦੀਆਂ ਜੇਬਾਂ ਵਿੱਚੋਂ ਵਸੂਲਿਆ ਜਾਵੇਗਾ। ਉਨ੍ਹਾ ਕਿਹਾ ਕਿ ਇਸ ਅਣਗਹਿਲੀ ਦੀ ਜਾਂਚ ਬੰਦ ਕਮਰਿਆਂ ਦੀ ਬਜਾਏ ਆਮ ਲੋਕਾਂ ਦੇ ਸਾਹਮਣੇ ਹੋਵੇਗੀ ਅਤੇ ਭਰੋਸਾ ਜਤਾਇਆ ਕਿ ਜਨਤਕ ਫੰਡਾਂ ਦੇ ਇੱਕ-ਇੱਕ ਪੈਸੇ ਦੀ ਕਿਸੇ ਵੀ ਕੀਮਤ @ਤੇ ਦੁਰਵਰਤੋਂ ਨਹੀਂ ਹੋਣ ਦਿੱਤੀ ਜਾਵੇਗੀ। ਵਿਧਾਇਕ ਸ੍ਰੀ ਗੋਗੀ ਨੇ ਕਿਹਾ ਸੂਬੇ ਵਿੱਚ ਸ. ਭਗਵੰਤ ਸਿੰਘ ਮਾਨ ਦੀ ਅਗੁਵਾਈ ਵਾਲੀ ਸਰਕਾਰ ਆਮ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਜਨਤਾ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

# ਪਟਿਆਲਾ ਵਿੱਚ ਕਬੱਡੀ ਪ੍ਰਮੋਟਰ ਧਰਮਵੀਰ ਦੇ ਕਤਲ ਤੋਂ ਬਾਅਦ ਰਾਜਨੀਤੀ ਪਾਰਟੀਆਂ ਹੁਣ ਸਿਆਸਤ ਕਰਦਿਆਂ ਨਜ਼ਰ ਆ ਰਹੀਆਂ ਹਨ





**ਪਟਿਆਲਾ/ਸਨੌਰ/ਇਕਬਾਲ ਸਿੰਘ**

ਨਵਜੋਤ ਸਿੰਘ ਸਿੱਧੂ ਦੀ ਗੱਲ ਕਰੀਏ ਤਾਂ ਉਨ੍ਹਾਂ ਨੇ ਮ੍ਰਿਤਕ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਕਿਹਾ ਕਿ ਪੂਰੀ ਕਾਂਗਰਸ ਪਰਿਵਾਰ ਦੇ ਨਾਲ ਹੈ ਉਨ੍ਹਾਂ ਕਿਹਾ ਕਿ ਜੇਕਰ ਪਰਿਵਾਰ ਨੂੰ 3 ਦਿਨ ਦੇ ਵਿੱਚ ਇਨਸਾਫ ਨਾ ਮਿਲਿਆ ਤਾਂ ਅਸੀਂ ਐਕਸ਼ਨ ਕਰਾਂਗੇ। ਉਥੇ ਹੀ ਉਨ੍ਹਾਂ ਨੇ ਆਮ ਆਦਮੀ ਪਾਰਟੀ ਉੱਤੇ ਬੋਲਦੇ ਹੋਏ ਕਿਹਾ ਕਿ ਲੋਕਾਂ ਨੇ ਆਪ ਨੂੰ ਇਸ ਲਈ ਜਤਾਇਆ ਸੀ ਕਿ ਕੁਛ ਚੰਗਾ ਹੋਵੇਗਾ ਲੇਕਿਨ ਅੱਜ ਦੀ 30 ਦਿਨ੍ਹਾਂ ਵਿਚ 25 ਕਤਲ ਹੋ ਗਏ ਹਨ ਜਿਸ ਤੋਂ ਸਾਫ ਹੈ ਕਿ ਨੌਜਵਾਨਾਂ ਵਿਦੇਸ਼ ਜਾਣ ਤੋਂ ਕਿ ਰੋਕਣਾ ਸੀ ਇਨ੍ਹਾਂ ਨੇ ਉਲਟਾ ਇਥੇ ਹੀ ਨੌਜਵਾਨ ਮਰੀ ਜਾਂਦੇ ਹਨ ਉਥੇ ਹੀ ਦੂਸਰੇ ਪਾਸੇ ਸਨੌਰ ਤੋਂ ਵਿਧਾਇਕ ਹਰਮੀਤ ਪਠਾਨਮਜਾਰਾ ਨੇ ਕਿਹਾ ਕਿ ਧਰਮਿੰਦਰ ਸਾਡੀ ਪਾਰਟੀ ਦਾ ਮੁੰਡਾ ਸੀ ਯਾਰੀ ਵਿਚ ਮਾਰੀਆ ਗਿਆ ਹੈ ਇਸ ਨੂੰ ਬੁਲਾ ਕੇ ਇਸਦੇ ਦੋਸਤਾਂ ਨੇ ਗਦਾਰੀ ਕਰਕੇ ਇਸ ਦਾ ਕਤਲ ਕਰ ਦਿੱਤਾ। ਉਥੇ ਉਨ੍ਹਾਂ ਨੇ ਕਿਹਾ ਕਾਤਲਾਂ ਨੂੰ ਕਿਸੀ ਵੀ ਕੀਮਤ ਤੇ ਬਖਸ਼ਿਆਂ ਨਹੀਂ ਜਾਵੇਗਾ।

# ਫ਼ੀਲਖ਼ਾਨਾ ਸਕੂਲ ਵਿਖੇ ਗਰੀਨ ਪਟਿਆਲਾ ਕਲੀਨ ਪਟਿਆਲਾ ਮੁਹਿੰਮ ਸ਼ੁਰੂ : ਪ੍ਰਿੰਸੀਪਲ ਡਾ.ਰਜਨੀਸ਼ ਗੁਪਤਾ

**ਪਟਿਆਲਾ/ਇਕਬਾਲ ਸਿੰਘ**

ਪਟਿਆਲਾ ਸ਼ਹਿਰ ਨੂੰ ਪਲਾਸਟਿਕ ਮੁਕਤ ਕਰਨ ਦੇ ਲਈ ਅਤੇ ਇਸ ਵਿਚ ਸਵੱਛ ਭਾਰਤ ਅਭਿਆਨ ਨੂੰ ਨੇਪਰੇ ਚਾੜ ?ਨ ਲਈ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਫ਼ੀਲਖ਼ਾਨਾ ਪਟਿਆਲਾ ਵਿਖੇ ਡਾ ਰਜਨੀਸ਼ ਗੁਪਤਾ ਪ੍ਰਿੰਸੀਪਲ ਦੀ ਅਗਵਾਈ ਵਿੱਚ ਸ਼ਹਿਰ ਦੇ ਵਿੱਚ ਇੱਕ ਸੰਕੇਤਕ ਸ਼੍ਰਮਦਾਨ ਮੁਹਿੰਮ ਚਲਾਈ ਗਈ। ਇਸ ਮੌਕੇ ਸ਼੍ਰੀਮਤੀ ਜਸਲੀਨ ਕੌਰ ਜੁਆਇੰਟ ਕਮਿਸ਼ਨਰ ਨਗਰ ਨਿਗਮ ਪਟਿਆਲਾ ਜੀ ਵਿਸ਼ੇਸ਼ ਤੌਰ ਤੇ ਸਕੂਲ ਵਿਖੇ ਪਹੁੰਚੇ । ਸ੍ਰੀਮਤੀ ਜਸਲੀਨ ਕੌਰ ,ਡਾ ਰਜਨੀਸ਼ ਗੁਪਤਾ, ਮਨੋਜ ਥਾਪਰ ਐੱਨਐੱਸਐੱਸ ਪ੍ਰੋਗਰਾਮ ਅਫਸਰ ਅਤੇ ਐੱਨਐੱਸਐੱਸ ਦੇ ਮੁੱਖ ਵਲੰਟੀਅਰ ਸੁਮਿਤ ਕੁਮਾਰ ਵੱਲੋਂ ਸ਼੍ਰਮਦਾਨ ਰੈਲੀ ਨੂੰ ਰਵਾਨਾ ਕੀਤਾ ਗਿਆ । ਪ੍ਰਿੰਸੀਪਲ ਡਾ ਰਜਨੀਸ਼ ਗੁਪਤਾ ਜੀ ਨੇ ਇਸ ਮੌਕੇ ਮੀਡੀਆ ਨੂੰ ਜਾਣਕਾਰੀ ਦਿੱਤੀ ਕਿ ਪਟਿਆਲੇ ਵਿੱਚ ਵਾਤਾਵਰਨ ਦੀ ਜਾਗਰੂਕਤਾ ਅਤੇ ਪਟਿਆਲਾ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਲਈ ਵੱਖ ਵੱਖ ਪ੍ਰੋਗਰਾਮ ਕਰਵਾਏ ਜਾ ਰਹੇ ਹਨ ਉਨ੍ਹਾਂ ਦੱਸਿਆ ਕਿ ਸਕੂਲ ਦੇ ਵਿਚ ਸ਼੍ਰਮਦਾਨ ਰੈਲੀ ਅਤੇ ਪੇਂਟਿੰਗ ਪ੍ਰਤੀਯੋਗਤਾ ਸਵੱਛਤਾ ਪ੍ਰਤੀ ਕਵਿਤਾ ਉਚਾਰਨ ਮੁਕਾਬਲਾ ਮੈਡਮ ਪਰਮਿੰਦਰ ਕੌਰ ਅਤੇ ਮੈਡਮ ਸਪਨਾ ਸੇਠੀ ਦੀ ਅਗਵਾਈ ਅਧੀਨ ਪ੍ਰੋਗਰਾਮ ਕਰਵਾਏ ਜਾ ਰਹੇ ਹਨ । ਕੰਵਰਜੀਤ ਧਾਲੀਵਾਲ, ਪਰਮਜੀਤ ਕੌਰ, ਗੁਰਵਿੰਦਰ ਕੌਰ ,ਧਰਮਪਾਲ ਅਤੇ ਜਸਦੀਪ ਸਿੰਘ ਅਧਿਆਪਕਾ ਦੀ ਦੇਖ ਰੇਖ ਹੇਠ ਇਹ ਰੈਲੀ ਸ਼ਹਿਰ ਦੇ ਪ੍ਰਮੁੱਖ ਬਾਜ਼ਾਰ ਟੋਬਾ ਧਿਆਨ ਸਿੰਘ ਅਨਾਰਦਾਨਾ ਚੌਕ ਅਤੇ ਟਰੈਕਟਰ ਮਾਰਕੀਟ ਵਿੱਚੋਂ ਦੀ ਹੁੰਦੀ ਹੋਈ ਸਕੂਲ ਵਾਪਸ ਪਹੁੰਚੀ । ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ÷ਮੇਰਾ ਪਟਿਆਲਾ ਮੈਂ ਹੀ ਸਵਾਰਾਂ ÷ ÷ ਸੇ ਨੋ ਟੂ ਪਲਾਸਟਿਕ ÷ ÷ ਹਰ ਦਿਨ ਦੋ ਡਸਟਬਿਨ ÷ ÷ ਕਲੀਨ ਪਟਿਆਲਾ ਗਰੀਨ ਪਟਿਆਲਾ÷ ਦੇ ਨਾਅਰੇ ਮਾਰਦੇ ਹੋਏ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਤੇ ਲੈਕਚਰਾਰ ਚਰਨਜੀਤ ਸਿੰਘ ਅਤੇ ਬਲਵਿੰਦਰ ਸਿੰਘ ਜਸੱਲ ਪੀ.ਟੀ.ਆਈ ਦੀ ਅਗਵਾਈ ਵਿੱਚ ਪੌਦੇ ਲਗਾਏ ਗਏ।



# ਪੁਲੀਸ ਲਾਈਨ ਵਿੱਚ ਐਮ.ਐਲ.ਏ ਗੁਰਦੇਵ ਸਿੰਘ ਦੇਵ ਮਾਨ ਦੇ ਵੱਲੋਂ ਐਸ.ਐਸ.ਪੀ ਪਟਿਆਲਾ ਡਾ:ਨਾਨਕ ਸਿੰਘ ਦੇ ਨਾਲ ਕੀਤੀ ਵਿਸ਼ੇਸ਼ ਮੁਲਾਕਾਤ



**ਪਟਿਆਲਾ/ਇਕਬਾਲ ਸਿੰਘ**

ਪਟਿਆਲਾ ਦੇ ਪੁਲਿਸ ਲਾਈਨ ਦੇ ਵਿੱਚ ਅੱਜ ਐਮ.ਐਲ.ਏ ਨਾਭਾ ਗੁਰਦੇਵ ਸਿੰਘ ਦੇਵ ਮਾਨ ਦੇ ਵੱਲੋਂ ਐਸ.ਐਸ.ਪੀ ਪਟਿਆਲਾ ਡਾ:ਨਾਨਕ ਸਿੰਘ ਦੇ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ।ਇਸ ਮੌਕੇ ਦੇ ਉੱਤੇ ਪਟਿਆਲਾ ਦੇ ਨਾਲ ਲੱਗਦੇ ਨਾਭਾ ਵਿਧਾਨ ਸਭਾਂ ਦੇ ਤਾਜ਼ਾ ਹਾਲਾਤਾਂ ਬਾਰੇ ਚਰਚਾ ਕੀਤੀ ਗਈ ।ਉਦੋਂ ਹੀ ਆਪਣੇ ਸੰਬੋਧਨ ਦੇ ਵਿੱਚ ਐਸ .ਐਸ.ਪੀ ਪਟਿਆਲਾ ਡਾ :ਨਾਨਕ ਸਿੰਘ ਦੇ ਵਲੋਂ ਦਸਿਆ ਗਿਆ । ਕਿ ਪਟਿਆਲਾ ਦੇ ਨਾਲ ਲੱਗਦੇ ਸਾਰੇ ਇਲਾਕਿਆਂ ਦੇ ਵਿਚ ਪੁਲੀਸ ਦੀ ਮੁਸਤੈਦੀ ਵਧਾ ਦਿੱਤੀ ਗਈ ਹੈ।ਨਾਲ ਹੀ ਮਾੜੇ ਅੰਸਰਾਂ ਦੇ ਖਿਲਾਫ ਵੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ।

# ਪਟਿਆਲਾ ਦੇ ਮਸ਼ਹੂਰ ਕਾਲੀ ਮਾਤਾ ਮੰਦਰ ਨੇੜੇ 19 ਸਾਲਾ ਨੌਜਵਾਨ ਦੇ ਕਤਲ ਦੇ ਮਾਮਲੇ ਵਿੱਚ ਪਟਿਆਲਾ ਪੁਲਿਸ ਨੇ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ



**ਪਟਿਆਲਾ/ਇਕਬਾਲ ਸਿੰਘ**

ਪ੍ਰੈੱਸ ਕਾਨਫਰੰਸ ਦੌਰਾਨ ਪਟਿਆਲਾ ਦੇ ਐੱਸਐੱਸਪੀ ਡਾ: ਨਾਨਕ ਸਿੰਘ ਨੇ ਦੱਸਿਆ ਕਿ ਕੱਲ੍ਹ ਸਵੇਰੇ 19 ਨੌਜਵਾਨ ਪ੍ਰਿਤਪਾਲ ਸਿੰਘ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ, ਜਿਸ ਤੋਂ ਬਾਅਦ ਪਟਿਆਲਾ ਦੇ ਦੋ ਨੌਜਵਾਨਾਂ ਜਿਨ੍ਹਾਂ ਦੀ ਉਮਰ 18 ਸਾਲ ਅਤੇ 19ਸਾਲਾ ਹੈ, ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਐਸਐਸਪੀ ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਖ਼ਿਲਾਫ਼ ਪਹਿਲਾਂ ਕੋਈ ਕੇਸ ਦਰਜ ਨਹੀਂ ਹੈ। ਬਾਕੀ ਅਸੀਂ ਮਾਮਲੇ ਦੀ ਜਾਂਚ ਕਰ ਰਹੇ ਹਾਂ।

# ਹਲਕਾ ਘਨੌਰ ਦੇ ਆਪ ਵਿਧਾਇਕ ਗੁਰਲਾਲ ਘਨੌਰ ਦੇ ਸਥਾਨਕ ਸ਼ੰਭੂ ਅਨਾਜ ਮੰਡੀ ਵਿਖੇ ਕਣਕ ਦੀ ਸਰਕਾਰੀ ਫਸਲ ਖਰੀਦ ਦੀ ਕਰਵਾਈ ਸ਼ੁਰੂਆਤ



**ਪਟਿਆਲਾ/ਘਨੌਰ/ਇਕਬਾਲ ਸਿੰਘ)**

ਵਿਧਾਨ ਸਭਾਂ ਹਲਕਾ ਘਨੌਰ ਦੇ ਅਧੀਨ ਪੈਂਦੇ ਬਲਾਕ ਸ਼ੰਭੂ ਦੀ ਦਾਣਾਮੰਡੀ ਵਿਖੇ ਵਿਧਾਇਕ ਘਨੌਰ ਵੱਲੋਂ ਆਪਣੇ ਸਾਥੀਆਂ ਸਣੇ ਪਹੁੰਚ ਕੇ ਕਣਕ ਦੀ ਸਰਕਾਰੀ ਫਸਲ ਦੀ ਖਰੀਦ ਦੀ ਸ਼ੁਰੂਆਤ ਆਪਣੇ ਹੱਥੀ ਕਾਰਵਾਈ ਗਈ। ਇਸ ਮੌਕੇ ਵਿਧਾਇਕ ਗੁਰਲਾਲ ਘਨੌਰ ਨੇ ਜਾਣਕਾਰੀ ਸਾਂਝੀ ਕਰਦੇ ਕਿਹਾ ਕਿ ਹਾਲਕੇ ਅਤੇ ਸੂਬੇ ਦੇ ਕਿਸਾਨ ਭਰਾਵਾਂ ਉਹ ਵਿਸ਼ਵਾਸ ਦਵਾਉਦੇ ਹਨ । ਕਿ ਕਿਸਾਨ ਭਰਾਵਾਂ ਨੂੰ ਆਪਣੀ ਫਸਲ ਵੇਚਣ ਵਿੱਚ ਕੋਈ ਵੀ ਪ ?ਸ਼ਾਨੀ ਪੇਸ਼ ਨਹੀਂ ਆਉਣ ਦੇਵੇਗਾ।

# ਅਨਾਜ ਮੰਡੀ ਦੇ ਨਵੇਂ ਬਣੇ ਸੈੱਡ ਦਾ ਚੇਅਰਮੈਨ ਸੁਖਪਾਲ ਸਿੰਘ ਗੋਂਦਵਾਲ ਨੇ ਕੀਤਾ ਉਦਘਾਟਨ



**ਰਾਏਕੋਟ/ਗੁਰਭਿੰਦਰ ਗੁਰੀ**

ਸਥਾਨਕ ਸ਼ਹਿਰ ਦੀ ਅਨਾਜ ਮੰਡੀ @ਚ ਲੱਖਾਂ ਰੁਪਏ ਦੀ ਲਾਗਤ ਨਾਲ ਬਣੇ ਨਵੇਂ ਸੈੱਡ ਦਾ ਉਦਘਾਟਨ ਮਾਰਕਿਟ ਕਮੇਟੀ ਰਾਏਕੋਟ ਦੇ ਚੇਅਰਮੈਨ ਸੁਖਪਾਲ ਸਿੰਘ ਸਿੱਧੂ ਗੋਦਵਾਲ ਵੱਲੋਂ ਮਾਰਕਿਟ ਕਮੇਟੀ ਦੇ ਡਾਇਰੈਕਟਰਾਂ,ਆੜਤੀਆਂ ਤੇ ਮਜ਼ਦੂਰ ਯੂਨੀਅਨਾਂ ਦੇ ਆਗੂਆਂ ਦੀ ਮੌਜੂਦਗੀ ਕਰ ਲੋਕਾਂ ਨੂੰ ਅਰਪਣ ਕਰ ਦਿੱਤਾ ਗਿਆ। ਇਸ ਮੌਕੇ ਚੇਅਰਮੈਂਨ ਸੁਖਪਾਲ ਸਿੰਘ ਸਿੱਧੂ ਗੋਂਦਵਾਲ, ਉੱਪ ਚੇਅਰਮੈਨ ਸੁਦਰਸ਼ਨ ਕੁਮਾਰ ਜੋਸ਼ੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੰਡੀ ਬੋਰਡ ਵੱਲੋਂ ਕਿਸਾਨਾਂ ਨੂੰ ਆਪਣੀਆਂ ਫਸਲਾਂ ਵੇਚਣ ਸਮੇਂ ਆ ਰਹੀ ਸਮੱਸਿਆਵਾਂ ਨੂੰ ਮੁੱਖ ਰੱਖਦਿਆਂ ਅਨਾਜ ਮੰਡੀ ਰਾਏਕੋਟ ਵਿਖੇ ਕਰੀਬ 85 ਲੱਖ ਦੀ ਲਾਗਤ ਨਾਲ ਬਣੇ ਨਵੇਂ ਸੈੱਡ ਦਾ ਅੱਜ ਰਸਮੀ ਤੌਰ ਉਦਘਾਟਨ ਕਰਕੇ ਲੋਕ ਅਰਪਣ ਕੀਤਾ ਗਿਆ। ਉਹਨਾਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਕਿਸਾਨਾਂ ਨੂੰ ਆਪਣੀਆਂ ਪੁੱਤਾ ਵਾਂਗ ਪਾਲੀਆਂ ਫਸਲਾਂ ਨੂੰ ਵੇਚਣ ਲਈ ਧੁੱਪ ਵਿੱਚ ਬੈਠਣ ਲਈ ਮਜਬੂਰ ਹੋਣਾ ਪੈਂਦਾ ਸੀ ਜਾਂ ਫਿਰ ਜ਼ਿਆਦਾ ਮੀਹ ਪੈਣ ਕਾਰਨ ਕਿਸਾਨਾਂ ਦੀਆਂ ਫਸਲਾਂ ਭਿੱਜ ਜਾਂਦੀਆਂ ਸਨ, ਪਰ ਹੁਣ ਇਸ ਨਵੇਂ ਬਣੇ ਸੈੱਡ ਦੇ ਬਣਨ ਨਾਲ ਕਿਸਾਨਾਂ ਨੂੰ ਵੱਡੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਮੈਂਬਰ ਪਾਰਲੀਮੈਂਟ ਡਾ. ਅਮਰ ਸਿੰਘ ਦੇ ਅਣਥੱਕ ਯਤਨਾਂ ਸਦਕਾ ਹੀ ਜਿੱਥੇ ਇਸ ਸੈਡ ਲਈ ਲੱਖਾਂ ਰੁਪਏ ਦੀ ਗ੍ਰਾ ਮਨਜ਼ੂਰ ਕਰਵਾਈ ਗਈ ਸੀ ਉਥੇ ਹੀ ਮੰਡੀ ਬੋਰਡ ਅਧੀਨ ਪੈਂਦੀਆ ਨਵੀਆਂ ਸੜਕਾਂ ਬਣਾਈਆਂ ਗਈਆਂ ਹਨ ਉੱਥੇ ਹੀ ਕਾਫ਼ੀ ਸੜਕਾਂ ਦੀ ਰਿਪੇਅਰ ਵੀ ਕਰਵਾਈ ਗਈ ਸੀ। ਇਸ ਮੌਕੇ ਮਹਿੰਦਰਪਾਲ ਸਿੰਘ ਤਲਵੰਡੀ,ਨਿਰੰਜਣ ਸਿੰਘ ਕਾਲਾ ਜਲਾਲਦੀਵਾਲ,ਗਿਆਨੀ ਗੁਰਦਿਆਲ,ਦਲੀਪ ਸਿੰਘ ,ਛਿੱਬਰ,ਬੂਟਾ ਸਿੰਘ ਨੂਰਪੁਰਾ,ਰਾਜਿੰਦਰਪਾਲ ਬਾਂਸਲ,ਮਨੋਜ ਜੈਨ,ਸੁਰਜੀਤ ਸਿੰਘ ਤਾਜਪੁਰ,ਜਗਦੇਵ ਸਿੰਘ ਬੱਸੀਆਂ ਸਾਰੇ ਡਾਇਰੈਕਟਰ, ਸੰਤੋਖ ਸਿੰਘ ਪ੍ਰਧਾਨ ਅਨਾਜ ਮੰਡੀ ਮਜ਼ਦੂਰ ਯੂਨੀਅਨ, ਸੁਖਦੇਵ ਸਿੰਘ ਭੋਲਾ, ਸੁਖਵਿੰਦਰ ਸਿੰਘ ਪੱਪੂ, ਸੋਹਣ ਸਿੰਘ, ਕੁਲਦੀਪ ਸਿੰਘ, ਬਲਜੀਤ ਸਿੰਘ ਪ੍ਰਧਾਨ, ਪਾਲ ਸਿੰਘ ,ਨਿਰਭੈ ਸਿੰਘ ਸਕੱਤਰ ਅਨਾਜ ਮੰਡੀ ਮਜ਼ਦੂਰ ਯੂਨੀਅਨ, ਤਰਸੇਮ ਸਿੰਘ ਆਦਿ ਹਾਜ਼ਰ ਸਨ।

# ਜੀ ਓ ਜੀ ਖਡੂਰ ਸਾਹਿਬ ਵੱਲੋਂ ਪ੍ਰਧਾਨ ਮੰਤਰੀ ਅਨਾਜ ਯੋਜਨਾ ਸਕੀਮ ਤਹਿਤ ਮਿਲਣ ਵਾਲੀ ਕਣਕ ਦੀ ਕੀਤੀ ਗਈ ਚੈਕਿੰਗ



**ਖਡੂਰ ਸਾਹਿਬ/ਜੱਜ ਕੰਡਾ**

ਖਡੂਰ ਸਾਹਿਬ ਦੇ ਜੀ ਓ ਜੀ ਤਹਿਸੀਲ ਹੈੱਡ ਕੈਪਟਨ ਗੁਲਜ਼ਾਰ ਸਿੰਘ ,ਸੁਪਰਵਾਈਜ਼ਰ ਲੈਫਟੀਨੈਂਟ ਜਸਬੀਰ ਸਿੰਘ ਵੱਲੋਂ ਜੀ ਓ ਜੀ ਨੂੰ ਸਖ਼ਤ ਹਦਾਇਤਾਂ ਹਨ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਦੀਆਂ ਸਕੀਮਾਂ ਸਮੇਂ ਸਮੇਂ ਤੇ ਲੋਕਾਂ ਨੂੰ ਪਹੁੰਚਾਈਆਂ ਜਾਣ ਤਾਂ ਜੋ ਕੋਈ ਵੀ ਗ਼ਰੀਬ ਪਰਿਵਾਰ ਕਿਸੇ ਵੀ ਤਰ੍ਹਾਂ ਦੀ ਸਕੀਮ ਤੋਂ ਵਾਂਝਾ ਨਾ ਰਹਿ ਜਾਵੇ ।ਇਸੇ ਸਕੀਮ ਤਹਿਤ ਮੀਆਂਵਿੰਡ ਵਿਖੇ ਵੰਡੀ ਜਾਰੀ ਪ੍ਰਧਾਨ ਮੰਤਰੀ ਅਨਾਜ ਯੋਜਨਾ ਦੀ ਜੀਓ ਜੀ ਜਸਬੀਰ ਸਿੰਘ ਅਤੇ ਪਰਮਜੀਤ ਸਿੰਘ ਜੀਓਜੀ ਸਰਾਂ ਤਲਵੰਡੀ ਵੱਲੋਂ ਅਚਨਚੇਤ ਚੈਕਿੰਗ ਕੀਤੀ ਗਈ । ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੀ ਓ ਜੀ ਸੂਬੇਦਾਰ ਰਛਪਾਲ ਸਿੰਘ ਰਾਮਪੁਰ, ਜੀਓ ਜੀ ਜਸਬੀਰ ਸਿੰਘ ਮੀਆਂਵਿੰਡ, ਜੀ ਓ ਜੀ ਪਰਮਜੀਤ ਸਿੰਘ ਸਰਾਂ ਨੇ ਦੱਸਿਆ ਕਿ ਕਿਸੇ ਵੀ ਪਰਿਵਾਰ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਨਹੀਂ ਆ ਰਹੀ।